A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21.
Bravo Realty
403.861.2253

Vol: 13 No: 290 Website : www.punjabiakhbaar.ca Email: editor@punjabiakhbaar.ca Friday, 24 April 2026

# ਕੈਨੇਡਾ ਦੀਆਂ 3 ਜ਼ਿਮਨੀ ਚੋਣਾਂ ਵਿੱਚ ਲਿਬਰਲਾਂ ਨੇ ਬਾਜ਼ੀ ਮਾਰਦਿਆਂ ਕਾਰਨੀ ਦੀ ਸਰਕਾਰ ਨੂੰ ਬਹੁਮਤ ਦਿੱਤਾ

## ਹਾਊਸ ਔਫ਼ ਕੌਮਨਜ਼ ਵਿੱਚ ਹੁਣ ਲਿਬਰਲ ਪਾਰਟੀ ਕੋਲ ਅੱਧੇ ਤੋਂ ਵੱਧ ਸੀਟਾਂ ਹਨ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਜਿੱਤ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਨੂੰ ਪੂਰਾ ਬਹੁਮਤ ਮਿਲ ਗਿਆ ਹੈ। ਵੱਡੀ ਰਾਜਨੀਤਿਕ ਕਾਮਯਾਬੀ ਹਾਸਲ ਕਰਦਿਆਂ ਲਿਬਰਲ ਪਾਰਟੀ ਹੁਣ ਹਾਊਸ ਔਫ਼ ਕੌਮਨਜ਼ ਵਿੱਚ ਬਹੁਮਤ ਦੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ ਹੈ। ਇਸ ਨਾਲ ਸਰਕਾਰ ਨੂੰ ਪਾਰਲੀਮੈਂਟ ਵਿੱਚ ਆਪਣੇ ਫੈਸਲੇ ਲਾਗੂ ਕਰਨ ਲਈ ਹੋਰ ਵੱਧ ਖੁੱਲ੍ਹ ਮਿਲੇਗੀ ਅਤੇ ਸੰਭਾਵਨਾ ਹੈ ਕਿ ਇਹ ਸਰਕਾਰ ਅਗਲੀ ਆਮ ਚੋਣਾਂ ਅਕਤੂਬਰ 2029 ਤੱਕ ਕਾਇਮ ਰਹੇਗੀ। ਟੋਰੌਂਟੋ ਦੇ ਦੋ ਹਲਕਿਆਂ ਵਿੱਚ ਲਿਬਰਲ ਉਮੀਦਵਾਰਾਂ ਨੇ ਬਹੁਤ ਵੱਡੀ ਜਿੱਤ ਦਰਜ ਕੀਤੀ। ਇਹ ਜਿੱਤਾਂ ਪਿਛਲੀਆਂ ਆਮ ਚੋਣਾਂ ਨਾਲੋਂ ਵੀ ਵੱਧ ਮਜ਼ਬੂਤ ਰਹੀਆਂ। ਮੌਂਟਰੀਅਲ ਨੇੜੇ ਟੈਰੀਬੌਨ ਹਲਕੇ ਵਿੱਚ ਵੀ ਲਿਬਰਲ ਪਾਰਟੀ ਨੇ ਜਿੱਤ ਹਾਸਲ ਕੀਤੀ। ਇਸ ਹਲਕੇ ਵਿੱਚ ਲਿਬਰਲ ਉਮੀਦਵਾਰ ਟੈਰੀਐਨਾ ਔਗਸਟੇ ਨੇ ਲਗਭਗ 48।4 ਫੀਸਦੀ ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ, ਜਦਕਿ ਬਲੌਕ ਕਿਊਬੈਕਵਾ ਉਮੀਦਵਾਰ ਨੇ ਲਗਭਗ 47 ਫੀਸਦੀ ਵੋਟਾਂ ਹਾਸਲ ਕੀਤੀਆਂ। ਇਹ ਉਹੀ ਸੀਟ ਹੈ ਜਿੱਥੇ ਪਿਛਲੀ ਵਾਰ ਔਗਸਟੇ ਸਿਰਫ ਇੱਕ ਵੋਟ ਨਾਲ ਜਿੱਤੀ ਸੀ, ਪਰ ਬਾਅਦ ਵਿੱਚ ਵੋਟਿੰਗ ਕਾਰਡ ਗਲਤੀਆਂ ਕਾਰਨ ਸੁਪਰੀਮ ਕੋਰਟ ਨੇ ਨਤੀਜਾ ਰੱਦ ਕਰ ਦਿੱਤਾ ਸੀ। ਇਹ ਤਿੰਨ ਜ਼ਿਮਨੀ ਚੋਣਾਂ ਦੀਆਂ ਜਿੱਤਾਂ ਅਤੇ ਹਾਲੀਆ ਪੰਜ ਐਮਪੀਜ਼ ਦੇ ਪਾਰਟੀ ਬਦਲਣ ਨਾਲ ਲਿਬਰਲ ਪਾਰਟੀ ਕੋਲ ਹੁਣ ਪਾਰਲੀਮੈਂਟ ਵਿੱਚ ਅੱਧ ਤੋਂ ਵੱਧ ਸੀਟਾਂ ਹੋ ਗਈਆਂ ਹਨ। ਇਸ ਦਾ ਮਤਲਬ ਹੈ ਕਿ ਹੁਣ ਸਰਕਾਰ ਨੂੰ ਕਿਸੇ ਹੋਰ ਪਾਰਟੀ ਦੀ ਮੱਦਦ ਦੀ ਲੋੜ ਨਹੀਂ ਰਹੇਗੀ ਅਤੇ ਉਹ ਆਪਣੇ ਕਾਨੂੰਨ ਆਸਾਨੀ ਨਾਲ ਪਾਸ ਕਰਵਾ ਸਕੇਗੀ। ਨਾਲ ਹੀ ਹੁਣ ਸਰਕਾਰ ਉੱਤੇ ਭਰੋਸੇ ਦੇ ਵੋਟ ਵਿੱਚ ਡਿੱਗਣ ਦਾ ਖਤਰਾ ਵੀ ਘੱਟ ਹੋ ਗਿਆ ਹੈ।

ਟੋਰੌਂਟੋ ਦੇ ਸਕਾਰਬਰੋ-ਸਾਊਥਵੈਸਟ ਹਲਕੇ ਵਿੱਚ ਡੌਲੀ ਬੇਗਮ ਨੇ ਲਗਭਗ 70 ਫੀਸਦੀ ਵੋਟਾਂ ਨਾਲ ਵੱਡੀ ਜਿੱਤ ਹਾਸਲ ਕੀਤੀ। ਉਹ ਪਹਿਲਾਂ ਸੂਬਾਈ ਐਨਡੀਪੀ ਨਾਲ ਸਨ ਪਰ ਬਾਅਦ ਵਿੱਚ ਲਿਬਰਲ ਪਾਰਟੀ ਨਾਲ ਜੁੜ ਗਏ ਸਨ। ਇਸੇ ਤਰ੍ਹਾਂ ਯੂਨੀਵਰਸਿਟੀ-ਰੋਜ਼ਡੇਲ ਹਲਕੇ ਵਿੱਚ ਡੇਨੀਅਲ ਮਾਰਟਿਨ ਨੇ ਲਗਭਗ 65 ਫੀਸਦੀ ਵੋਟਾਂ ਨਾਲ ਜਿੱਤ ਦਰਜ ਕੀਤੀ, ਜੋ ਕਿ ਪਹਿਲਾਂ ਦੀ ਉਮੀਦਵਾਰ ਕ੍ਰਿਸਟੀਆ ਫ੍ਰੀਲੈਂਡ ਦੇ ਨਤੀਜੇ ਨਾਲੋਂ ਵੀ ਕੁੱਝ ਵੱਧ ਹੈ। ਇਹ ਦੋਵੇਂ ਸੀਟਾਂ ਪਹਿਲਾਂ ਕੈਬਿਨੇਟ ਮੰਤਰੀ ਬਿਲ ਬਲੇਅਰ ਅਤੇ ਕ੍ਰਿਸਟੀਆ ਫ੍ਰੀਲੈਂਡ ਕੋਲ ਸਨ।ਇਹ ਨਤੀਜਿਆਂ ਨੂੰ ਦੇਖਕੇ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਸੰਦੇਸ਼ – ਕੈਨੇਡਾ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣਾ ਅਤੇ ਅਮਰੀਕੀ ਦਬਾਅ ਦਾ ਮੁਕਾਬਲਾ ਕਰਨਾ ਕਨੇਡੀਅਨ ਵੋਟਰਾਂ ਨੂੰ ਪਸੰਦ ਆ ਰਿਹਾ ਹੈ। ਜਿੱਤ ਉਪਰੰਤ ਆਪਣੇ ਬਿਆਨ ਵਿੱਚ ਕਾਰਨੀ ਨੇ ਕਿਹਾ ਕਿ ਲੋਕਾਂ ਨੇ ਉਹਨਾਂ ਦੀ ਸਰਕਾਰ ਦੀ ਯੋਜਨਾ 'ਤੇ ਭਰੋਸਾ ਕੀਤਾ ਹੈ। ਉਹਨਾਂ ਨੇ ਕਿਹਾ ਕਿ ਉਹ ਇਸ ਸਹਿਯੋਗ ਨੂੰ ਨਿਮਰਤਾ ਅਤੇ ਦ੍ਰਿੜਤਾ ਨਾਲ ਸਵੀਕਾਰਦੇ ਹਨ ਅਤੇ ਸਮੇਂ ਦੀਆਂ ਲੋੜਾਂ ਨੂੰ ਸਮਝਦੇ ਹਨ। ਹਾਲਾਂਕਿ ਹੁਣ ਸਰਕਾਰ ਬਿਨਾਂ ਵਿਰੋਧੀ ਪਾਰਟੀਆਂ ਦੀ ਮੱਦਦ ਤੋਂ ਵੀ ਕੰਮ ਕਰ ਸਕਦੀ ਹੈ, ਫਿਰ ਵੀ ਕਾਰਨੀ ਨੇ ਕਿਹਾ ਕਿ ਉਹ ਪਾਰਲੀਮੈਂਟ ਵਿੱਚ ਸਾਰੀਆਂ ਪਾਰਟੀਆਂ ਨਾਲ ਮਿਲਕੇ ਕੰਮ ਕਰਨਗੇ ਅਤੇ ਹਰ ਧਿਰ ਦੀ ਰਾਏ ਲੈਣ ਦੀ ਕੋਸ਼ਿਸ਼ ਕਰਨਗੇ।

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM
Dominion Lending Centres

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT,
Managing Partner
harmanb@bnadebtsolutions.ca
Simmie Pandher
Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE,
Calgary AB - T2E 6R7
Affinity CABINETS
• Closets
• Wet Bars
• Book Shelving
• Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ
ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ


CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE
Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

# ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW
COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings


ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000



The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Vol: 13 No: 290 Website : www.punjabiakhbaar.ca Email: editor@punjabiakhbaar.ca Friday, 24 April 2026


# ਭਾਰਤੀ ਮੂਲ ਦੇ ਚਾਰ ਨੌਜਵਾਨ ਡਰੱਗਜ ਅਤੇ ਹਥਿਆਰਾਂ ਸਮੇਤ ਫੜੇ ਗਏ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਅਪਰਾਧਕ ਗਤੀਵਿਧੀਆਂ ਤੇ ਗੈਰ ਕਾਨੂੰਨੀ ਕੰਮਾਂ ਵਿੱਚ ਅਕਸਰ ਭਾਰਤੀ ਮੂਲ ਦੇ ਲੋਕਾਂ ਦੇ ਨਾਮ ਸਾਹਮਣੇ ਆਉਂਦੇ ਰਹਿੰਦੇ ਹਨ ਅਤੇ ਇਹ ਸਿਲਸਿਲਾ ਬਾ-ਦਸਤੂਰ ਜਾਰੀ ਹੈ। ਹੁਣ ਇਹ ਸੂਚੀ ਵਿੱਚ ਚਾਰ ਹੋਰ ਨਾਮ ਜੁੜ ਗਏ ਹਨ। ਭਾਰਤੀ ਮੂਲ ਦੇ ਚਾਰ ਵਿਅਕਤੀਆਂ ਨੂੰ ਡਰੱਗ ਤਸਕਰੀ ਦੇ ਦੋਸ਼ਾਂ ਅਧੀਨ ਗਿਰਫਿਤਾਰ ਕੀਤਾ ਗਿਆ। ਇਹ ਗ੍ਰਿਫਤਾਰੀਆਂ ਕੈਨੇਡਾ ਦੇ ਸੂਬੇ ਸਸਕੈਚਵਨ ਵਿੱਚ ਸਸਕੈਚਵਾਨ ਆਰਸੀਐਮਪੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ




ਦੀ ਇਨਫੋਰਸਮੈਂਟ ਰਿਸਪਾਂਸ ਟੀਮ ਜਿਹਨੂੰ ਐਸ ਈ ਆਰ ਟੀ ਕਿਹਾ ਜਾਂਦਾ ਹੈ ,ਵੱਲੋਂ ਇਹ ਗਿਰਫਤਾਰੀਆਂ ਕੀਤੀਆਂ ਗਈਆਂ ਹਨ। ਫੜੇ ਗਏ ਲੋਕਾਂ ਕੋਲੋਂ ਫੈਂਟਾਨਿਲ ਤੇ ਕੋਕੀਨ ਵਰਗੀਆਂ ਨਸੀਲੀਆਂ ਵਸਤੂਆਂ ਮਿਲੀਆਂ ਹਨ। ਆਰਸੀਐਮਪੀ ਵੱਲੋਂ ਜੋ ਬਿਆਨ ਜਾਰੀ ਕੀਤਾ ਗਿਆ ਉਸ ਵਿੱਚ ਦੱਸਿਆ ਗਿਆ ਕਿ ਨੌ ਮਾਰਚ ਨੂੰ ਰੀਜਾਇਨਾ ਦੇ ਇੱਕ ਘਰ ਦੀ ਤਲਾਸ਼ੀ ਦੌਰਾਨ ਉਥੋਂ ਗੈਰ ਕਾਨੂੰਨੀ ਡਰੱਗ ਅਤੇ ਇੱਕ ਪਿਸਤੌਲ ਬਰਾਮਦ ਕੀਤੀ ਗਈ ਸੀ, ਜਿਸ ਤੋਂ ਬਾਅਦ ਆਰਸੀਐਮਪੀ ਦੇ ਇਸ ਯੂਨਿਟ ਨੇ ਆਪਣੀ ਜਾਂਚ ਨੂੰ ਅੱਗੇ ਵਧਾਉਣਾ ਸ਼ੁਰੂ ਕੀਤਾ ਤਾਂ ਉਸ ਤੋਂ ਬਾਅਦ 10 ਅਪ੍ਰੈਲ ਨੂੰ ਸਸਕੈਚਵਨ ਦੇ ਹੀ ਮੂਸ ਜਾਅ ਦੇ ਇੱਕ ਹੋਟਲ ਦੇ ਰੂਮ ਵਿੱਚ ਛਾਪੇਮਾਰੀ ਕੀਤੀ ਗਈ। ਹੋਟਲ ਦੇ ਉਸ ਰੂਮ ਵਿੱਚੋਂ ਅਤੇ ਉੱਥੇ ਖੜੀ ਇੱਕ ਗੱਡੀ ਜੋ ਕਿ ਪਾਰਕਿੰਗ ਵਿੱਚ ਖੜੀ ਸੀ ਦੀ ਤਲਾਸ਼ੀ ਦੇ ਦੌਰਾਨ ਉਸ ਵਿੱਚੋਂ ਫੈਟਾਨਿਲ, ਕੋਕੇਨ ਅਤੇ ਨਗਦੀ ਬਰਾਮਦ ਹੋਈ। ਉਥੋਂ ਦੋ ਜਣਿਆਂ ਨੂੰ ਗਿਰਫਤਾਰ ਕੀਤਾ ਗਿਆ। ਜਿਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਉਹਨਾਂ ਦੀ ਪਹਿਚਾਣ 21 ਸਾਲ ਦੇ ਸ਼ੋਭਿਤ ਅਤੇ 22 ਸਾਲ ਦੇ ਰਿਤਿਕ ਵੱਜੋਂ ਹੋਈ ਹੈ ਆਰਸੀਐਮਪੀ ਨੇ ਦੱਸਿਆ ਕਿ ਇਹਨਾਂ ਦੋਹਾਂ ਜਣਿਆਂ ਦਾ ਇੱਕੋ ਨਾਮ ਹੈ ਜਾਨੀ ਕਿ ਕੋਈ ਸਰ ਨੇਮ ਇਹਨਾਂ ਦੇ ਨਾਲ ਨਹੀਂ ਲੱਗਦਾ। ਉਸੇ ਦਿਨ ਹੀ ਸਸਕੈਚਵਨ ਦੇ ਸਵਿਫਟਕਰੰਟ ਦੀ ਇੱਕ ਅਪਾਰਟਮੈਂਟ ਬਿਲਡਿੰਗ ਦੇ ਇੱਕ ਯੂਨਿਟ ਦੀ ਤਲਾਸ਼ੀ ਲਈ ਗਈ ਉਸ ਯੂਨਿਟ ਦੀ ਅਤੇ ਉੱਥੇ ਖੜੀਆਂ ਦੋ ਗੱਡੀਆਂ ਦੀ ਤਲਾਸ਼ੀ ਦੇ ਦੌਰਾਨ ਉਹਨਾਂ ਵਿੱਚੋਂ ਵੀ ਕਈ ਡਰੱਗਜ ਮਿਲੀਆਂ ਜਿਨਾਂ ਵਿਚ ਫੈਂਟਾਨਿਲ ਤੇ ਕੋਕੀਨ ਅਤੇ ਨਗਦੀ ਵੀ ਸ਼ਾਮਿਲ ਸੀ। ਇਹ ਸਾਰਾ ਕੁੱਝ ਬਰਾਮਦ ਕੀਤਾ ਗਿਆ ਤੇ ਦੋ ਜਣਿਆਂ ਨੂੰ ਉਥੋਂ ਵੀ ਗ੍ਰਿਫਤਾਰ ਕੀਤਾ ਗਿਆ। ਇਹ ਜੋ ਦੋ ਗਿਰਿਫਤਾਰੀਆਂ ਹੋਈਆਂ ਨੇ ਉਹਨਾਂ ਵਿੱਚੋਂ ਇੱਕ ਨਿਆਗਰਾ ਫਾਲ ਦਾ ਰਹਿਣ ਵਾਲਾ 21 ਸਾਲ ਦਾ ਅੰਕਿਤ ਅਤੇ ਦੂਜਾ ਓਟੈਰੀਓ ਸੂਬੇ ਦੇ ਮਿਸੀਸਾਗਾ ਦਾ ਰਹਿਣ ਵਾਲਾ 25 ਸਾਲਾ ਰੋਹਿਤ ਦੇਸ਼ਵਾਲ ਹੈ। ਸੋ ਇਹਨਾਂ ਚਾਰ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਕੋਕੀਨ ਫੈਂਟਾਨਿਲ,ਨਗਦੀ ਅਤੇ ਗੈਰ ਕਾਨੂੰਨੀ ਹਥਿਆਰ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ।


RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
Not intended to solicit properties currently listed for sale or buyers under contract. Each office is independently owned and operated.
randy.singh@c21.ca | randysinghrealty.com

Nav Immigration Services
Student Visa · Worker Visa · Visitor Visa · Supervisa
Permanent Residency Applications · PR Card Renewal
Express Entry · Family Sponsorhip · Refugee Applications
Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
SPECIAL OFFER
MUST HAVE
- Clean Driver Abstract and CVOR
- Clear Crimnal Search
- Minimum 6 months verifiable experience
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 hHours!
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE
LIC. 512011
200 1965 Broad Street, Regina, SK S4P 1Y1

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET , REGINA
Needs Driver for Canada, Prairies and Local Runs
Turn Pikes Runs
Health benefits
- Great Mile Rate
- SINP/LMIA ਲਈ ਵੀ ਮਦਦ ਕਰਦੇ ਹਨ।
- Home Time on Every Weekend
- Just CAN-USA Runs
- Long and Short Haul
HARRY 306-537-6403
GARRY 306-201-9222

EVERY DAY AUTO SALES LTD
- Cars for Newcomers
- Used cars sale & purchase.
- Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

# ਕੈਨੇਡਾ 'ਚ ਪੰਜਾਬੀ ਪਰਿਵਾਰ ਦੇ ਲੱਖਾਂ ਰੁਪਏ ਦੇ ਗਹਿਣੇ ਚੋਰੀ



ਵੈਨਕੂਵਰ, (ਮਲਕੀਤ ਸਿੰਘ)- ਕੈਨੇਡਾ ਦੇ ਮਾਲਟਨ ਸ਼ਹਿਰ ਦੇ ਵਸਨੀਕ ਇੱਕ ਪੰਜਾਬੀ ਪਰਿਵਾਰ ਦੇ ਘਰ ਵਿੱਚੋਂ ਕੁਝ ਅਗਿਆਤ ਚੋਰਾਂ ਵੱਲੋਂ ਲੱਖਾਂ ਰੁਪਏ ਦੇ ਗਹਿਣੇ ਚੋਰੀ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ

ਪ੍ਰਾਪਤ ਵੇਰਵਿਆ ਮੁਤਾਬਿਕ ਉਕਤ ਪਰਿਵਾਰ ਦੇ ਮੈਂਬਰ ਮਾਲਟਨ ਸ਼ਹਿਰ ਵਿੱਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਚ ਸ਼ਾਮਿਲ ਹੋਣ ਲਈ ਬਾਹਰ ਗਏ ਸਨ ਅਤੇ ਜਦੋਂ ਪਰਿਵਾਰਕ ਜੀਅ ਵਾਪਸ ਪਰਤੇ ਤਾਂ ਉਹਨਾਂ ਨੇ ਆਪਣੇ ਘਰ ਦੇ ਮੇਨ ਬੈਡਰੂਮ ਵਿੱਚ ਸਮਾਨ ਖਿਲਰਿਆ ਵੇਖਿਆ ਜਿਸ ਉਪਰੰਤ ਉਹਨਾਂ ਵੱਲੋਂ ਆਪਣੇ ਘਰ ਦੇ ਬਾਹਰ ਬਾਹਰ ਲੱਗੇ ਸੀਸੀਟੀ ਕੈਮਰਿਆਂ ਦੀ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਚੋਰ ਉਹਨਾਂ ਦੀ ਕਿਚਨ ਦੀ ਖਿੜਕੀ ਤੋੜ ਕੇ ਅੰਦਰ ਵੜਨ ਚ ਕਾਮਯਾਬ ਹੋਏ ਸਨ ਅਤੇ ਲੱਖਾਂ ਦੀ ਕੀਮਤ ਦੇ ਗਹਿਣੇ ਚੋਰੀ ਕਰਕੇ ਫਰਾਰ ਹੋ ਗਏ ਹੋਰਨਾ ਵੇਰਵਿਆ ਮੁਤਾਬਿਕ ਚੋਰੀ ਹੋਏ ਇਨਾਂ ਗਹਿਣਿਆਂ ਦੀ ਕੀਮਤ 1 ਕਰੋੜ 39 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ ਘਟਨਾ ਉਪਰੰਤ ਘਰ ਵਿੱਚ ਪੁੱਜੀ ਪੁਲਿਸ ਵੱਲੋਂ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰਨ ਦਾ ਭਰੋਸਾ ਦਵਾਇਆ ਗਿਆ ਹੈ

# ਅਮਰੀਕਾ ਨਾਲ ਗੱਲਬਾਤ ਲਈ ਈਰਾਨ ਆਪਣਾ ਵ.ਫਦ ਨਹੀਂ ਭੇਜੇਗਾ ਪਾਕਿਸਤਾਨ

ਤਹਿਰਾਨ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ ਅਤੇ ਈਰਾਨ ਵਿਚਾਲੇ ਜੰਗ ਖ਼ਤਮ ਕਰਨ ਨੂੰ ਲੈ ਕੇ ਇਸਲਾਮਾਬਾਦ ਵਿੱਚ ਦੂਜੇ ਦੌਰ ਦੀ ਗੱਲਬਾਤ ਹੋਣ ਵਾਲੀ ਹੈ ਪਰ ਇਸ ਤੋਂ ਪਹਿਲਾਂ ਹੀ ਈਰਾਨ ਨੇ ਉੱਥੇ ਆਪਣੇ ਪ੍ਰਤੀਨਿਧਾਂ ਨੂੰ ਭੇਜਣ ਤੋਂ ਇਨਕਾਰ ਕਰ ਦਿੱਤਾ ਹੈ। ਈਰਾਨ ਦੀ ਸਰਕਾਰੀ ਨਿਊਜ਼ ਏਜੰਸੀ 'ਤਸਨੀਮ' ਮੁਤਾਬਕ ਜਦੋਂ ਤੱਕ ਈਰਾਨ 'ਤੇ ਸਮੁੰਦਰੀ ਨਾਕਾਬੰਦੀ ਜਾਰੀ ਰਹੇਗੀ, ਉਦੋਂ ਤੱਕ ਪਾਕਿਸਤਾਨ ਵਿੱਚ ਗੱਲਬਾਤ ਲਈ ਕੋਈ ਵਫ਼ਦ ਨਹੀਂ ਭੇਜਿਆ ਜਾਵੇਗਾ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਧਮਕੀ ਦਿੰਦੇ ਹੋਏ ਕਿਹਾ ਕਿ ਈਰਾਨ ਕੋਲ ਆਖਰੀ ਮੌਕਾ ਹੈ। ਜੇਕਰ ਸਮਝੌਤਾ ਨਹੀਂ ਹੋਇਆ, ਤਾਂ ਈਰਾਨ ਦੇ ਬੁਨਿਆਦੀ ਢਾਂਚੇ 'ਤੇ ਵੱਡੇ ਹਮਲੇ ਕੀਤੇ ਜਾਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਮਰੀਕੀ ਵਫ਼ਦ ਸੋਮਵਾਰ ਨੂੰ ਗੱਲਬਾਤ ਲਈ ਪਾਕਿਸਤਾਨ ਪਹੁੰਚੇਗਾ।ਟਰੰਪ ਨੇ ਗੱਲਬਾਤ ਵਿੱਚ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਦੇ ਵਿਸ਼ੇਸ਼ ਦੂਤ ਸਟੀਵ ਵਿਟਕੋਫ ਅਤੇ ਜੇਰੇਡ ਕੁਸ਼ਨਰ ਇਸਲਾਮਾਬਾਦ ਪਹੁੰਚਣਗੇ।









ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220




ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਉਨ ਲੋਡ ਕਰੋ

App Store | Play Store



# ਗ੍ਰੋਸਰੀ ਬੈਨੇਫ਼ਿਟ ਜੂਨ ਮਹੀਨੇ ਕੈਨੇਡੀਅਨਾਂ ਦੇ ਬੈਂਕ ਖਾਤਿਆਂ ਵਿਚ ਆਏਗਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਲਿਬਰਲ ਸਰਕਾਰ ਵੱਲੋਂ ਜਨਵਰੀ ਵਿੱਚ ਐਲਾਨ ਕੀਤਾ ਗਿਆ ਗ੍ਰੋਸਰੀਜ਼ ਬੈਨੇਫ਼ਿਟ ਜੁਲਾਈ ਤੋਂ ਕੈਨੇਡੀਅਨਜ਼ ਦੇ ਬੈਂਕ ਖਾਤਿਆਂ ਵਿੱਚ ਆਉਣਾ ਸ਼ੁਰੂ ਹੋਵੇਗਾ, ਜਦਕਿ ਇੱਕ ਵਾਰੀ ਵਾਲਾ ਜੀਐਸਟੀ ਟਾਪ-ਅੱਪ ਜੂਨ ਵਿੱਚ ਮਿਲ ਜਾਵੇਗਾ। ਇਸ ਸਾਲ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕੈਨੇਡਾ ਗ੍ਰੋਸਰੀਜ਼ ਐਂਡ ਅਸੈਨਸ਼ੀਅਲਜ਼ ਬੈਨੇਫ਼ਿਟ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਇਸ ਯੋਜਨਾ ਨਾਲ ਅਗਲੇ ਪੰਜ ਸਾਲਾਂ ਵਿੱਚ ਪਰਿਵਾਰਾਂ ਅਤੇ ਵਿਅਕਤੀਆਂ ਨੂੰ ਮਿਲਣ ਵਾਲੀ ਜੀਐਸਟੀ ਰਿਬੇਟ ਵਿੱਚ ਵਾਧਾ ਕੀਤਾ ਜਾਵੇਗਾ। ਜੀਐਸਟੀ ਰਿਬੇਟ ਇੱਕ ਟੈਕਸ-ਮੁਕਤ ਭੁਗਤਾਨ ਹੈ ਜੋ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਲੋਕਾਂ ਲਈ ਹੁੰਦਾ ਹੈ। ਜੁਲਾਈ ਤੋਂ ਇਹ ਤਿਮਾਹੀ ਰਿਬੇਟ 25 ਫੀਸਦੀ ਵਧ ਜਾਵੇਗੀ ਅਤੇ ਇਹ ਵਧੀ ਹੋਈ ਰਕਮ ਅਗਲੇ ਪੰਜ ਸਾਲਾਂ ਤੱਕ ਜਾਰੀ ਰਹੇਗੀ। ਜੁਲਾਈ ਵਿੱਚ ਇਸ ਜੀਐਸਟੀ ਰਿਬੇਟ ਦਾ ਨਾਮ ਬਦਲ ਕੇ ਕੈਨੇਡਾ ਗ੍ਰੋਸਰੀਜ਼ ਐਂਡ ਅਸੈਨਸ਼ੀਅਲਜ਼ ਬੈਨੇਫ਼ਿਟ ਹੋ ਜਾਵੇਗਾ। ਜਨਵਰੀ ਵਿੱਚ ਸਰਕਾਰ ਨੇ ਇਹ ਵੀ ਕਿਹਾ ਸੀ ਕਿ ਜੁਲਾਈ 2025 ਤੋਂ ਜੂਨ 2026 ਤੱਕ ਮਿਲਣ ਵਾਲੀ ਜੀਐਸਟੀ ਰਿਬੇਟ 'ਤੇ ਇੱਕ ਵਾਰੀ 50 ਫੀਸਦੀ ਦਾ ਵਾਧੂ ਟਾਪ-ਅੱਪ ਦਿੱਤਾ ਜਾਵੇਗਾ।ਇਹ ਇੱਕ ਵਾਰ ਵਾਲੀ ਰਕਮ 5 ਜੂਨ 2026 ਨੂੰ ਲੋਕਾਂ ਦੇ ਖਾਤਿਆਂ ਵਿੱਚ ਆਵੇਗੀ। ਇਸ ਟਾਪ-ਅੱਪ ਨਾਲ ਚਾਰ ਮੈਂਬਰਾਂ ਵਾਲੇ ਪਰਿਵਾਰ ਨੂੰ ਮਿਲਣ ਵਾਲੀ ਵੱਧ ਤੋਂ ਵੱਧ ਰਕਮ, ਜੋ ਪਹਿਲਾਂ $1,100 ਸੀ, ਵਧ ਕੇ $1,890 ਹੋ ਜਾਵੇਗੀ। ਇਕੱਲੇ ਵਿਅਕਤੀ ਲਈ ਇਹ ਰਕਮ $540 ਤੋਂ ਵਧ ਕੇ $950 ਹੋ ਜਾਵੇਗੀ। ਕੈਨੇਡਾ ਰੈਵਨਿਊ ਏਜੰਸੀ ਲਈ ਸੈਕਰੇਟਰੀ ਔਫ਼ ਸਟੇਟ, ਵੇਨ ਲੌਂਗ ਨੇ ਕਿਹਾ, ਅਸੀਂ ਇਹ ਇੱਕ-ਵਾਰੀ ਦਾ ਭੁਗਤਾਨ ਉਨ੍ਹਾਂ ਲੋਕਾਂ ਦੀ ਮਦਦ ਕਰਨ ਅਤੇ ਉਸ ਦਬਾਅ ਤੋਂ ਕੁਝ ਰਾਹਤ ਦੇਣ ਲਈ ਪੇਸ਼ ਕਰ ਰਹੇ ਹਾਂ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। ਅਗਲੇ ਸਾਲ ਤੋਂ ਲੈ ਕੇ ਉਸ ਤੋਂ ਅਗਲੇ ਚਾਰ ਸਾਲਾਂ ਤੱਕ ਜੀਐਸਟੀ ਰਿਬੇਟ ਵਿੱਚ 25% ਵਾਧਾ ਕੀਤਾ ਜਾਵੇਗਾ। ਇਸਦਾ ਮਤਲਬ ਹੈ ਕਿ ਚਾਰ ਮੈਂਬਰਾਂ ਵਾਲੇ ਪਰਿਵਾਰ ਨੂੰ ਹਰ ਸਾਲ ਵੱਧ ਤੋਂ ਵੱਧ ਲਗਭਗ $1,400 ਮਿਲਣਗੇ, ਅਤੇ ਇੱਕ ਵਿਅਕਤੀ ਨੂੰ ਤਕਰੀਬਨ $700 ਸਾਲਾਨਾ ਮਿਲਣਗੇ।

ਜੀਐਸਟੀ ਰਿਬੇਟ ਲਈ ਯੋਗਤਾ:

ਜੀਐਸਟੀ ਰਿਬੇਟ ਲਈ ਯੋਗਤਾ ਆਮਦਨ ਦੇ ਅਧਾਰ 'ਤੇ ਹੁੰਦੀ ਹੈ, ਜੋ ਹਰ ਸਾਲ ਮਹਿੰਗਾਈ ਦੇ ਅਨੁਸਾਰ ਬਦਲਦੀ ਰਹਿੰਦੀ ਹੈ। ਇਸ ਲਈ ਯੋਗ ਹੋਣ ਲਈ ਵਿਅਕਤੀ ਦਾ ਟੈਕਸ ਮਕਸਦ ਲਈ ਕੈਨੇਡਾ ਵਿੱਚ ਰਹਿੰਦੇ ਹੋਣਾ ਲਾਜ਼ਮੀ ਹੈ ਅਤੇ ਉਮਰ ਘੱਟੋ-ਘੱਟ 19 ਸਾਲ ਹੋਣੀ ਚਾਹੀਦੀ ਹੈ। 2024 ਦੇ ਟੈਕਸ ਸਾਲ ਲਈ, ਜਿਸ ਦੇ ਅਧਾਰ 'ਤੇ ਇਸ ਸਮੇਂ ਭੁਗਤਾਨ ਕੀਤੇ ਜਾ ਰਹੇ ਹਨ, ਇੱਕ ਇਕੱਲਾ ਵਿਅਕਤੀ ਜਿਸਦੀ ਨੈੱਟ ਆਮਦਨ $56,181 ਜਾਂ ਇਸ ਤੋਂ ਘੱਟ ਹੈ, ਉਹ ਜੀਐਸਟੀ ਰਿਬੇਟ ਲੈ ਸਕਦਾ ਹੈ। ਦੋ ਬੱਚਿਆਂ ਵਾਲਾ ਵਿਆਹਿਆ ਜਾਂ ਕੌਮਨ-ਲਾਅ ਜੋੜਾ, ਜੇ ਉਹਨਾਂ ਦੀ ਕੁੱਲ ਪਰਿਵਾਰਕ ਆਮਦਨ $66,841 ਜਾਂ ਇਸ ਤੋਂ ਘੱਟ ਹੈ, ਉਹ ਵੀ ਇਸ ਲਈ ਯੋਗ ਹਨ। ਸਰਕਾਰ ਦੇ ਅੰਦਾਜ਼ੇ ਮੁਤਾਬਕ ਲਗਭਗ 12 ਮਿਲੀਅਨ ਲੋਕ ਕੈਨੇਡਾ ਵਿੱਚ ਇਹ ਜੀਐਸਟੀ ਰਿਬੇਟ ਲੈਂਦੇ ਹਨ, ਜਿਸ ਨਾਲ ਕਾਫ਼ੀ ਘਰਾਂ ਨੂੰ ਆਰਥਿਕ ਮੱਦਦ ਮਿਲਦੀ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਨੂੰ ਪਟੀਸ਼ਨ ਵਾਪਸ ਲੈਣ ਲਈ ਹੁਕਮ ਦੇਣ ਦੀ ਅਪੀਲ



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਸਬੰਧੀ ਪਟੀਸ਼ਨ ਵਾਪਸ ਲੈਣ ਦੇ ਫੈਸਲੇ ਬਾਰੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਆਦੇਸ਼ ਦੇਣ ਦੀ ਅਪੀਲ ਕੀਤੀ ਹੈ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ।ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਨੁਮਾਇੰਦਗੀ ਘਟਾਏ ਜਾਣ ਅਤੇ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਸਬੰਧੀ ਵਿਚਾਰਾਂ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਨਾਲ ਸਬੰਧਤ ਮਾਮਲੇ ਵਿਚਾਰੇ ਗਏ।ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਬਾਰੇ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤਬਦੀਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ 14 ਸਾਲ ਪਹਿਲਾਂ ਪਟੀਸ਼ਨ ਪਾਈ ਗਈ ਸੀ, ਪਰੰਤੂ ਕੇਂਦਰ ਸਰਕਾਰ ਨੇ ਇਸ ਸਬੰਧੀ ਹਮੇਸ਼ਾ ਅੜੀਅਲ ਰਵੱਈਆ ਹੀ ਅਪਣਾਈ ਰੱਖਿਆ। ਉਨ੍ਹਾਂ ਕਿਹਾ ਕਿ ਹੁਣ ਭਾਈ ਰਾਜੋਆਣਾ ਸ਼੍ਰੋਮਣੀ ਕਮੇਟੀ ਨੂੰ ਵਾਰ ਵਾਰ ਆਪਣੀ ਅਪੀਲ ਵਾਪਸ ਲੈਣ ਲਈ ਕਹਿ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਨੇ ਇਹ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕੀਤੀ ਸੀ। ਇਸ ਲਈ ਅੰਤ੍ਰਿੰਗ ਕਮੇਟੀ ਨੇ ਵਿਚਾਰ ਮਗਰੋਂ ਰਾਜੋਆਣਾ ਦੀ ਅਪੀਲ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯੋਗ ਆਦੇਸ਼ ਲਈ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਆਦੇਸ਼ ਆਵੇਗਾ ਸ਼੍ਰੋਮਣੀ ਕਮੇਟੀ ਉਸ 'ਤੇ ਪਹਿਰਾ ਦੇਵੇਗੀ।ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਪ੍ਰਬੰਧਾਂ ਨੂੰ ਲੈ ਕੇ ਪੰਜਾਬ ਨਾਲ ਲਗਾਤਾਰ ਕੀਤੇ ਜਾ ਰਹੇ ਵਿਤਕਰੇ ਸਬੰਧੀ ਵੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਹੱਕਾਂ ਹਿੱਤਾਂ ਨਾਲ ਇਕ ਹੋਰ ਵੱਡਾ ਧੱਕਾ ਹੈ। ਪੰਜਾਬ ਦੇ ਦਰਿਆਈ ਪਾਣੀ ਜਿਨ੍ਹਾਂ 'ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ ਨੂੰ ਹਥਿਆਉਣ ਲਈ ਕੇਂਦਰ ਗ਼ਲਤ ਤਰੀਕੇ ਅਪਣਾਅ ਰਿਹਾ ਹੈ। ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਅਜਿਹਾ ਕੋਈ ਵੀ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ, ਜੋ ਪੰਜਾਬੀਆਂ ਦੇ ਹੱਕਾਂ ਵਿਰੁੱਧ ਹੋਵੇ।ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਏ ਜਾਣ ਸਬੰਧੀ ਪ੍ਰੋਗਰਾਮ ਉਲੀਕਣ ਵਾਸਤੇ ਸਬ-ਕਮੇਟੀ ਗਠਨ ਕੀਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਤਰ੍ਹਾਂ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਦੀ 29 ਅਪਰੈਲ ਤੋਂ 1 ਮਈ ਤੱਕ ਮਨਾਈ ਜਾ ਰਹੀ ਸ਼ਤਾਬਦੀ ਦੇ ਪ੍ਰੋਗਰਾਮਾਂ ਸਬੰਧੀ ਵਿਚ ਵਿਚਾਰਾਂ ਹੋਈਆਂ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

SUPERVISA Medical Insurance
ਤਜਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Punjab Insurance Inc
SERVICES
• Life Insurance
• Mortgage Insurance
• Critical Illness Insurance
• Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ ਬਾਬਿਆਂ ਨੇ ਵਿਸਾਖੀ ਮਨਾਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ 13 ਅਪ੍ਰੈਲ ਨੂੰ ਪੈਨੋਰਮਾ ਕਮਿਊਨਿਟੀ ਸੈਂਟਰ ਵਿਖੇ ਮੀਟਿੰਗ ਕਰ ਕੇ ਵਿਸਾਖੀ ਮਨਾਈ। ਗੁਰਮਿੰਦਰ ਕੌਰ ਨੇ ਸ਼ਬਦ-ਗਾਇਨ ਕੀਤਾ -ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਵਿਸਾਖੀ ਦੇ ਤਿਉਹਾਰ, ਖਾਲਸਾ ਸਾਜਨਾ, ਜੱਲ੍ਹਿਆਂ ਵਾਲ਼ਾ ਬਾਗ ਦਾ ਖ਼ੂਨੀ ਕਾਂਡ ਅਤੇ ਕੈਨੇਡਾ ਵਿੱਚ ਸਿੱਖ ਵਿਰਾਸਤ ਮਹੀਨੇ ਬਾਰੇ ਅਹਿਮ ਜਾਣਕਾਰੀ ਦਿੱਤੀ, ਬੰਗਲਾ ਦੇਸ਼ ਅਤੇ ਨੇਪਾਲ ਵਿੱਚ ਨਵਾਂ ਸਾਲ ਚੜ੍ਹਨ ਦੀ ਖ਼ੁਸ਼ੀ ਸਾਂਝੀ ਕੀਤੀ ਤੇ ਕਿਹਾ ਕਿ ਦੁਨੀਆਂ ਭਰ ਦੇ ਸਾਰੇ ਲੋਕ ਬਿਨਾ ਕਿਸੇ ਭੇਦ-ਭਾਵ ਤੋਂ ਬਰਾਬਰ ਹਨ। ਨਾਲ਼ ਹੀ ਉਨ੍ਹਾਂ ਨੇ ਕੈਨੇਡਾ ਦੇ ਨਿਯਮਾਂ ਅਤੇ ਕਾਨੂੰਨ ਮੁਤਾਬਕ ਵਿਚਰਨ ਵੱਲ ਧਿਆਨ ਦਿਵਾਇਆ, ਆਪਣੇ ਆਚਰਣ, ਵਿਵਹਾਰ ਅਤੇ ਕਿਰਦਾਰ ਨੂੰ ਉੱਚਾ ਰੱਖਣ ਦੀ ਅਪੀਲ ਕੀਤੀ। ਗਿੱਲ ਸੁਖਮੰਦਰ ਨੇ - ਸੱਚੇ ਆਸ਼ਕ ਮੁਨਾਫ਼ਾ ਕਦੇ ਤੱਕਦੇ ਨੀਂ ਹੁੰਦੇ, ਹਰਕੰਵਲਜੀਤ ਕੌਰ ਧਾਲ਼ੀਵਾਲ਼ ਨੇ - ਭਾਵੇਂ ਬੋਲ ਤੇ ਭਾਵੇਂ ਨਾ ਬੋਲ /ਵੇ ਚੰਨਾਂ ਵਸ ਅੱਖੀਆਂ ਦੇ ਕੋਲ, ਵਿਨੋਦ ਕੁਮਾਰੀ ਨੇ - ਪਿਆਰ ਦੇ ਭੁਲੇਖੇ ਕਿੰਨੇ ਸੁਹਣੇ ਸੁਹਣੇ ਪਾ ਗਏ ਅਤੇ ਡਾ: ਮਨਮੋਹਨ ਸਿੰਘ ਬਾਠ ਨੇ - ਇਤਨੀ ਹਸੀਂ ਇਤਨੀ ਜਵਾਂ ਰਾਤ ਕਿਆ ਕਰੇਂ- ਗੀਤਾਂ ਦੀ ਪੇਸ਼ਕਾਰੀ ਰਾਹੀਂ ਆਵਾਜ਼, ਸੁਰ ਅਤੇ ਲੈਅ ਦਾ ਸੰਗੀਤਕ ਮਾਹੌਲ ਸਿਰਜਿਆ। ਸੋਹਣ ਸਿੰਘ ਭੁੱਚੋ ਨੇ ਖਾਲਸਾ ਸਾਜਨਾ ਬਾਰੇ ਬੁਲੰਦ ਆਵਾਜ਼ ਵਿਚ ਡਿਓਢਾ ਛੰਦ ਗਾ ਕੇ ਕਵੀਸ਼ਰੀ ਦੀ ਵੰਨਗੀ ਪੇਸ਼ ਕੀਤੀ। ਚਰਨਦੀਪ ਕੌਰ ਨੇ ਖਾਲਸਾ ਪੰਥ ਦੀ ਸਾਜਨਾ ਬਾਰੇ, ਡਾ: ਰਾਜਵੰਤ ਕੌਰ ਪ੍ਰੀਤ ਮਾਨ ਨੇ ਜੱਲ੍ਹਿਆਂਵਾਲ਼ਾ ਬਾਗ ਦੀ ਖ਼ੂਨੀ ਵਿਸਾਖੀ ਬਾਰੇ, ਗੁਰਜੀਤ ਕੌਰ ਬਾਵੇਜਾ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਬਾਰੇ ਅਤੇ ਅਮਰੀਕ ਸਿੰਘ ਨੇ ਵੀ ਦਸਮ ਗੁਰੂ ਦੀ ਮਹਿਮਾ ਵਿੱਚ ਕਵਿਤਾਵਾਂ ਦਾ ਉਚਾਰਨ ਕੀਤਾ। ਕਰਮ ਸਿੰਘ ਭੁੱਲਰ, ਸੁਰਿੰਦਰਜੀਤ ਪਲਾਹਾ ਅਤੇ ਭਜਨ ਸਿੰਘ ਸਾਗੂ ਨੇ ਆਪੋ ਆਪਣੇ ਅੰਦਾਜ਼ ਵਿੱਚ ਚੁਟਕਲੇ ਸੁਣਾ ਕੇ ਦਰਸ਼ਕਾਂ ਨੂੰ ਹਸਾਇਆ। ਰਿਸ਼ੀ ਨਾਗਰ ਨੇ ਮਿਸਾਲਾਂ ਦੇ ਕੇ ਦੱਸਿਆ ਕਿ ਕਿਵੇਂ ਦਸਮ ਪਿਤਾ ਨੇ ਹਿੰਦੁਸਤਾਨ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਆਏ ਪਿਛੜੇ ਵਰਗ ਦੇ ਲੋਕਾਂ ਨੂੰ ਬਰਾਬਰੀ ਦਾ ਰੁਤਬਾ ਦੇ ਕੇ ਜਾਤ-ਪਾਤ ਅਤੇ ਭਿੰਨ-ਭੇਦ ਨੂੰ ਮਿਟਾਇਆ। ਅੱਜ ਇਸ ਭਰਾਤਰੀ ਅਤੇ ਬਰਾਬਰੀ ਦਾ ਸੁਨੇਹਾ ਅਪਨਾਉਣ ਦੀ ਲੋੜ ਵੀ ਜਤਾਈ। ਉਨ੍ਹਾਂ ਨੇ ਇਹ ਵੀ ਸਮਝਾਇਆ ਕਿ ਕਿਵੇਂ 1675 ਵਿਚਲਾ ਬਾਲ ਗੋਬਿੰਦ 1699 ਵਿੱਚ ਗੁਰੂ ਗੋਬਿੰਦ ਸਿੰਘ ਬਣ ਗਿਆ। ਇੰਜੀਨੀਅਰ ਤਰਜੀਤ ਸਿੰਘ ਲਾਲੀ ਨੇ ਪ੍ਰਮਾਣੂੰ ਊਰਜਾ, ਯੂਰੇਨੀਅਮ ਅਤੇ ਰੀਐਕਟਰਾਂ ਬਾਰੇ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਅਮਨਜੋਤ ਪੰਨੂੰ ਨੇ ਪੰਜਾਬ ਦੇ ਅਮੀਰ ਵਿਰਸੇ ਨੂੰ ਸੰਭਾਲਣ ਦੀ ਜ਼ਰੂਰਤ ਦਰਸਾਈ। ਵਿਸਾਖੀ ਮਨਾਉਣ ਦੀ ਪ੍ਰੰਪਰਾ ਨੂੰ ਪੂਰਾ ਕੀਤਾ ਅਸ਼ਕੇ ਫੋਕ ਆਰਟਸ ਕੈਲਗਰੀ ਦੀਆਂ ਮੁਟਿਆਰਾਂ ਭੰਗੜੇ ਮੌਕੇ ਕੋਚ ਗੁਰਬਿੰਦਰ ਸਿੰਘ ਦੀ ਨਿਰਦੇਸ਼ਨਾ ਹੇਠ ਬੀਬੀਆਂ - ਸੀਰਤ, ਜੋਵੀਆ, ਮਹਿਕ, ਵੀਰਜੋਤ ਅਤੇ ਕੀਰਤ ਨੇ ਲੋਕ-ਬੋਲੀਆਂ 'ਤੇ ਭੰਗੜਾ ਪਾ ਕੇ ਸੱਚ-ਮੁੱਚ ਮੇਲੇ ਦਾ ਦ੍ਰਿਸ਼ ਸਾਕਾਰ ਕਰ ਦਿੱਤਾ। ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਜਗਦੇਵ ਸਿੱਧੂ ਨੇ ਆਪਣੇ ਅੰਦਾਜ਼ ਵਿੱਚ ਨਿਭਾਈ। ਸੁਰਿੰਦਰਜੀਤ ਪਲਾਹਾ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਭੋਜਨ ਵਿੱਚ ਵਰਤਾਈ ਖੀਰ ਅਤੇ ਜਲੇਬੀਆਂ ਦਾ ਜ਼ਾਇਕਾ ਵਿਸਾਖੀ ਦੇ ਮੇਲੇ ਦਾ ਚਾਅ ਪੂਰਾ ਕਰ ਗਿਆ।










# ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ



ਗੁਰਮੀਤ ਸਿੰਘ ਪਲਾਹੀ
9815802070

ਭਾਰੀ ਬੇਇਤਬਾਰੀ ਦੇ ਦਰਮਿਆਨ ਦੇਸ਼ ਦੇ ਨਾਗਰਿਕਾਂ ਨੂੰ ਇਹ ਸਾਬਤ ਕਰਨਾ ਪੈ ਰਿਹਾ ਹੈ ਕਿ ਉਹ ਯੋਗ ਵੋਟਰ ਹਨ। ਇਸੇ ਕਰਕੇ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਤੇ ਲਗਾਤਾਰ ਸਵਾਲ ਉੱਠ ਰਹੇ ਹਨ।
ਹਾਲਾਂਕਿ ਚੋਣ ਕਮਿਸ਼ਨ ਅਨੁਸਾਰ ਵੋਟਰ ਸੂਚੀਆਂ ਦੀ ਸ਼ੁੱਧਤਾ ਲਈ ਇਹ ਕਦਮ ਲਾਜ਼ਮੀ ਹਨ, ਪਰ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਕੱਟੇ ਜਾਣ ਕਾਰਨ ਸਵਾਲ ਉੱਠ ਰਹੇ ਹਨ। ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਤਾਰੀਖਾਂ ਤੈਅ ਹਨ ਅਤੇ ਖ਼ਬਰਾਂ ਮੁਤਾਬਕ 27 ਲੱਖ ਲੋਕ ਇਸ ਵਾਰ ਵੋਟ ਦੇਣ ਤੋਂ ਵੰਚਿਤ ਰਹਿ ਸਕਦੇ ਹਨ। ਇਸ ਸਬੰਧੀ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਅੱਗੇ ਸਵਾਲ ਉਠਾਏ ਤਾਂ ਚੋਣ ਕਮਿਸ਼ਨ ਦਾ ਦੋ-ਟੁੱਕ ਜਵਾਬ ਸੀ ਕਿ ਚੋਣਾਂ ਡਰ-ਰਹਿਤ, ਹਿੰਸਾ-ਰਹਿਤ ਅਤੇ ਲੋਭ-ਲਾਲਚ ਰਹਿਤ ਅਤੇ ਬੂਥਾਂ ਉੱਤੇ ਬਾਹਰੀ ਪਕੜ ਤੋਂ ਮੁਕਤ ਹੋਣਗੀਆਂ।
ਇਹੀ ਜਵਾਬ ਜਾਂ ਇਸ ਤਰ੍ਹਾਂ ਦਾ ਪ੍ਰਚਾਰ ਕੇਂਦਰੀ ਸਰਕਾਰ 'ਤੇ ਕਾਬਜ਼ "ਭਾਜਪਾ" ਵੱਲੋਂ ਆਪਣੇ ਸੋਸ਼ਲ ਮੀਡੀਆ ਮਾਧਿਅਮਾਂ ਫੇਸਬੁਕ, ਇੰਸਟਾਗ੍ਰਾਮ ਅਤੇ ਚੋਣ ਪੋਸਟਾਂ 'ਤੇ ਵੀ ਕੀਤਾ ਜਾ ਰਿਹਾ ਹੈ। ਇਸ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਜਪਾ ਹੀ ਭਾਰਤੀ ਚੋਣ ਕਮਿਸ਼ਨ ਹੈ? ਜਾਂ ਭਾਰਤੀ ਚੋਣ ਕਮਿਸ਼ਨ ਭਾਜਪਾ ਹੀ ਹੈ? ਕੀ ਭਾਜਪਾ ਅਤੇ ਚੋਣ ਕਮਿਸ਼ਨ ਵਿਚਕਾਰ ਕੋਈ ਮਿਲੀਭੁਗਤ ਹੈ ਜਾਂ ਇਹ ਸਿਰਫ਼ ਇੱਕ ਰਾਜਨੀਤਿਕ ਦੂਸ਼ਣਬਾਜ਼ੀ ਹੈ? ਜਾਂ ਇਹ ਸਿਰਫ਼ ਵੋਟਰਾਂ ਨੂੰ ਡਰਾਉਣ ਅਤੇ ਧਮਕਾਉਣ ਦੀ ਸਾਜ਼ਿਸ਼ ਹੈ?
ਭਾਰਤ ਵਿੱਚ ਚੋਣ ਪ੍ਰਕਿਰਿਆ ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰਕ ਪ੍ਰਕਿਰਿਆ ਮੰਨੀ ਜਾਂਦੀ ਹੈ, ਜਿੱਥੇ ਕਰੋੜਾਂ ਲੋਕ ਆਪਣਾ ਵੋਟ ਦੇ ਕੇ ਸਰਕਾਰ ਚੁਣਦੇ ਹਨ। ਇਸ ਲਈ ਵੋਟਰ ਸੂਚੀ ਦੀ ਪਾਰਦਰਸ਼ਤਾ ਅਤੇ ਸ਼ੁੱਧਤਾ ਬਹੁਤ ਜ਼ਰੂਰੀ ਹੈ।ਭਾਰਤੀ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ, ਜਿਸਦਾ ਬੁਨਿਆਦੀ ਕੰਮ ਨਿਰਪੱਖ ਚੋਣਾਂ ਕਰਵਾਉਣਾ ਹੈ। ਪਰ ਪਿਛਲੇ ਸਮੇਂ ਦੌਰਾਨ ਕੁਝ ਇਹੋ ਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨਾਲ ਇਸ ਦੀ ਨਿਰਪੱਖਤਾ 'ਤੇ ਸਵਾਲ ਉੱਠੇ ਹਨ। ਜਿਵੇਂ ਪੱਛਮੀ ਬੰਗਾਲ ਅਤੇ ਕੇਰਲ ਵਿੱਚ ਭਾਜਪਾ ਵੱਲੋਂ ਚੋਣ ਕਮਿਸ਼ਨ ਦੀਆਂ ਤਸਵੀਰਾਂ ਲਾ ਕੇ ਪੋਸਟਰ ਲਗਾਏ ਗਏ ਅਤੇ ਚੋਣ ਕਮਿਸ਼ਨ ਨਾਲ ਰਾਜਨੀਤਿਕ ਪਾਰਟੀ ਦੀ ਸਾਖ ਜੋੜੀ ਗਈ।
ਕੇਰਲ ਵਿੱਚ ਚੋਣ ਕਮਿਸ਼ਨ ਦਾ ਇੱਕ ਖ਼ਤ ਭਾਜਪਾ ਦੀ ਮੋਹਰ ਨਾਲ ਪ੍ਰਸਾਰਿਤ ਹੋਣ 'ਤੇ ਹੰਗਾਮਾ ਵੀ ਖੜ੍ਹਾ ਹੋਇਆ। ਬਾਅਦ ਵਿੱਚ ਚੋਣ ਕਮਿਸ਼ਨ ਨੇ ਇਸ ਨੂੰ ਆਪਣੀ ਗਲਤੀ ਮੰਨਦਿਆਂ ਇੱਕ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ। ਪਰ ਕੀ ਇਸ ਨਾਲ ਚੋਣ ਕਮਿਸ਼ਨ ਦੀ ਨਿਰਪੱਖਤਾ ਸਾਬਤ ਹੋ ਜਾਂਦੀ ਹੈ?
ਬਿਹਾਰ ਚੋਣਾਂ ਤੋਂ ਪਹਿਲਾਂ ਵੋਟਰਾਂ ਦੀ ਪਹਿਚਾਣ ਅਤੇ ਸੂਚੀ ਸਬੰਧੀ ਵੀ ਵਿਵਾਦ ਉੱਠੇ। ਚੋਣ ਕਮਿਸ਼ਨ ਨੇ ਵੋਟਰਾਂ ਦੇ ਆਧਾਰ ਨੂੰ ਝੁਠਲਾ ਦਿੱਤਾ ਅਤੇ ਕਿਹਾ ਕਿ ਇਸ ਨੂੰ ਵੋਟਰ ਨਾਗਰਿਕ ਦਾ ਪਛਾਣ ਪੱਤਰ ਨਹੀਂ ਮੰਨਿਆ ਜਾ ਸਕਦਾ। ਸਿੱਧੇ ਲਫ਼ਜ਼ਾਂ ਵਿੱਚ ਵੋਟਰਾਂ ਨੂੰ ਕਿਹਾ ਗਿਆ ਕਿ ਵੋਟਰ ਸੂਚੀਆਂ ਵਿੱਚੋਂ ਦਫ਼ਾ ਹੋ ਜਾਓ! ਭੱਜ ਜਾਓ !ਨਿਕਲ ਜਾਓ! ਕਈ ਲੋਕਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੀਤਾ ਗਿਆ। ਇਹ ਮਾਮਲਾ ਸਰਬ ਉੱਚ ਅਦਾਲਤ ਤੱਕ ਵੀ ਗਿਆ, ਪਰ ਚੋਣ ਕਮਿਸ਼ਨ ਦੀ ਭਾਸ਼ਾ ਵੋਟਰਾਂ ਨੂੰ ਦਫ਼ਾ ਹੋ ਜਾਓ ਵਾਲੀ ਹੀ ਰਹੀ।
ਉੱਤਰ ਪ੍ਰਦੇਸ਼ ਅਤੇ ਬੰਗਾਲ ਵਿੱਚ ਕੁਝ ਬੂਥ ਅਧਿਕਾਰੀਆਂ 'ਤੇ ਕੰਮ ਦਾ ਵੱਧ ਭਾਰ ਹੋਣ ਕਾਰਨ ਉਨ੍ਹਾਂ ਦੀ ਮਨੋਵਿਗਿਆਨਕ ਹਾਲਤ ਬਾਰੇ ਵੀ ਚਿੰਤਾਜਨਕ ਖ਼ਬਰਾਂ ਸਾਹਮਣੇ ਆਈਆਂ। ਕੁਝ ਬੂਥ ਲੈਵਲ ਅਫ਼ਸਰਾਂ ਦੀ ਖ਼ੁਦਕੁਸ਼ੀ ਦੀਆਂ ਖ਼ਬਰਾਂ ਛਪੀਆਂ। ਫਿਰ ਵੀ ਚੋਣ ਕਮਿਸ਼ਨ ਅਸੰਵੇਦਨਸ਼ੀਲ ਰਿਹਾ। ਇਹ ਸਵਾਲ ਵੀ ਉੱਠਦਾ ਹੈ ਕਿ ਚੋਣ ਪ੍ਰਕਿਰਿਆ ਦੌਰਾਨ ਮਾਨਵ ਸੰਵੇਦਨਸ਼ੀਲਤਾ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਿਉਂ ਚੋਣ ਕਮਿਸ਼ਨ ਨੇ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰੀ ਰੱਖੇ?



ਬੂਥ ਅਧਿਕਾਰੀਆਂ ਨੂੰ ਘੱਟ ਸਮੇਂ ਵਿੱਚ ਵੱਧ ਕੰਮ ਦੇਣ ਨਾਲ ਉਹਨਾਂ ਉੱਤੇ ਬੋਝ ਵਧਿਆ। ਜੇਕਰ ਬਾਅਦ ਵਿੱਚ ਵੋਟਰ ਸੂਚੀਆਂ ਦੀ ਸੁਧਾਈ ਦੀ ਮਿਆਦ ਵਧਾਈ ਜਾ ਸਕਦੀ ਸੀ, ਤਾਂ ਇਹ ਪ੍ਰਕਿਰਿਆ ਪਹਿਲਾਂ ਹੀ ਸੁਚੱਜੀ ਢੰਗ ਨਾਲ ਕਿਉਂ ਨਹੀਂ ਕੀਤੀ ਗਈ? ਲੋਕਤੰਤਰ ਵਿੱਚ ਇਹੋ ਜਿਹੀ ਮੁਹਿੰਮ ਕਾਹਲੀ-ਕਾਹਲੀ ਨਿਪਟਾਉਣ ਦੀ ਆਖਰ ਕਿਹੜੀ ਮਜ਼ਬੂਰੀ ਸੀ? ਇਸ ਸਭ ਕੁਝ ਦੇ ਦੌਰਾਨ ਬੂਥ ਲੈਵਲ ਅਫ਼ਸਰਾਂ ਨੂੰ ਜੋ ਪਰੇਸ਼ਾਨੀ ਹੋਈ ਪਰਿਵਾਰਾਂ ਦੇ ਪਰਿਵਾਰ ਤਬਾਹ ਹੋਏ ਉਸ ਦੀ ਜ਼ਿੰਮੇਵਾਰੀ ਆਖ਼ਰ ਕਿਸ ਦੀ ਹੈ? "ਆਕਾ" ਨੂੰ ਖ਼ੁਸ਼ ਕਰਨ ਲਈ ਗ਼ੈਰ-ਲੋਕਤੰਤਰੀ ਕਦਮ ਆਖਰ ਚੋਣ ਕਮਿਸ਼ਨ ਦੇ ਮੱਥੇ ਉੱਤੇ ਕਲੰਕ ਨਹੀਂ ਹੈ?
ਜਨਤਾ ਨੂੰ ਵੀ ਛੱਡ ਦਈਏ, ਵਿਸ਼ਵ ਭਰ 'ਚ ਚੋਣ ਕਮਿਸ਼ਨ ਤੇ ਹਾਕਮਾਂ ਦੀ ਇਸ ਸਬੰਧੀ ਜੋ ਖੇਹ ਉੱਡੀ,ਉਸਨੂੰ ਵੀ ਛੱਡ ਦਈਏ, ਦੋਸ਼ ਹੈ ਕਿ ਬੰਗਾਲ ਦੇ ਸੰਦਰਭ ਵਿੱਚ ਤਾਂ ਆਈ.ਏ.ਐੱਸ.ਅਫ਼ਸਰਾਂ ਤੱਕ ਨੂੰ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਬਾਗੀ ਤੇਵਰ ਦਿਖਾਉਣੇ ਪੈ ਗਏ। ਕੁਝ ਮੀਡੀਆ ਰਿਪੋਰਟਾਂ ਮੁਤਾਬਕ ਚੁਣਾਵੀ ਮੀਟਿੰਗਾਂ ਦੌਰਾਨ ਅਧਿਕਾਰੀਆਂ ਨਾਲ ਵੀ ਤਿੱਖੇ ਲਹਿਜ਼ੇ ਵਿੱਚ ਗੱਲਬਾਤ ਹੋਈ, ਜਿਸ ਨਾਲ ਪ੍ਰਸ਼ਾਸਨਿਕ ਤਣਾਅ ਵਧਿਆ। ਉੱਤਰ ਪ੍ਰਦੇਸ਼ ਸਰਕਾਰ ਦੇ ਪ੍ਰਮੁੱਖ ਸਕੱਤਰ ਪੱਧਰ ਦੇ ਇੱਕ ਅਧਿਕਾਰੀ ਅਨੁਰਾਗ ਯਾਦਵ ਬਤੌਰ ਚੋਣ ਕਮਿਸ਼ਨਰ ਇੱਕ ਬੈਠਕ 'ਚ ਸ਼ਾਮਲ ਹੋਏ ਸੀ। ਦੋਸ਼ ਹੈ ਕਿ ਮੁੱਖ ਚੋਣ ਕਮਿਸ਼ਨਰ ਦੀ ਬੋਲ ਚਾਲ ਸਬੰਧੀ ਆਈ.ਏ.ਐੱਸ. ਅਧਿਕਾਰੀ ਨੇ ਕਿਹਾ, "ਆਪ ਸਾਡੇ ਨਾਲ ਇਹੋ-ਜਿਹਾ ਵਰਤਾਓ ਨਹੀਂ ਕਰ ਸਕਦੇ।" ਨਤੀਜਾ ਇਹ ਨਿਕਲਿਆ ਕਿ ਅਨੁਰਾਗ ਯਾਦਵ ਨੂੰ ਉਸ ਅਹੁਦੇ ਤੋਂ ਹਟਾ ਦਿੱਤਾ ਗਿਆ।
ਦੇਸ਼ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ, ਵੋਟਰ ਸੂਚੀ ਦੀ ਸ਼ੁੱਧਤਾ ਅਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਸਬੰਧੀ ਵਿਰੋਧੀ ਪਾਰਟੀਆਂ ਵੱਲੋਂ ਕਈ ਵਾਰ ਸਵਾਲ ਉੱਠਾਏ ਗਏ ਹਨ। ਇਨ੍ਹਾਂ ਮਸਲਿਆਂ 'ਤੇ ਸੰਸਦ ਵਿੱਚ ਵੀ ਚਰਚਾ ਹੋਈ ਹੈ।ਪੱਛਮੀ ਬੰਗਾਲ ਦੀ ਹਾਕਮ ਧਿਰ ਦੇ ਪ੍ਰਮੁੱਖ ਨੇਤਾ ਡੇਰੈਕ ਓ'ਬਰਾਇਨ ਨੇ ਚੋਣਾਵੀ ਬੈਠਕ ਦੌਰਾਨ ਮੁੱਖ ਚੋਣ ਕਮਿਸ਼ਨਰ ਨਾਲ ਮੁਲਾਕਾਤ ਕੀਤੀ, ਪਰ ਤ੍ਰਿਣਮੂਲ ਕਾਂਗਰਸ ਦੇ ਪ੍ਰਤੀਨਿਧ ਮੰਡਲ ਦਾ ਦੋਸ਼ ਰਿਹਾ ਕਿ ਉਨ੍ਹਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਮੀਟਿੰਗ ਸਿਰਫ਼ ਰਸਮੀ ਕਾਰਵਾਈ ਤੱਕ ਸੀਮਿਤ ਰਹੀ। ਸੱਤ ਮਿੰਟ ਦੀ ਸਧਾਰਨ ਗੱਲਬਾਤ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਨੇ ਕਿਹਾ, " ਗੈਟ ਲਾਸਟ"। ਵੈਸੇ ਇਹ "ਗੈਟ ਲਾਸਟ" ਜਿਹਾ ਦੋ ਟੁੱਕ ਜਵਾਬ ਚੋਣ ਕਮਿਸ਼ਨ ਵੱਖੋ-ਵੱਖਰੀਆਂ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਵਾਰ-ਵਾਰ ਕਹਿ ਚੁੱਕੇ ਹਨ।
ਦੇਸ਼ 'ਚ ਵੋਟ ਮਸ਼ੀਨਾਂ 'ਚ ਹੁੰਦੀ ਵੋਟ-ਚੋਰੀ, ਵੋਟਰਾਂ ਦੇ ਸ਼ੁੱਧੀਕਰਨ, ਭਾਜਪਾ ਨਾਲ ਚੋਣ ਕਮਿਸ਼ਨ ਦੀ ਡੂੰਘੀ ਸਾਂਝ ਤੇ ਗਲਵਕੜੀ ਜਿਹੇ ਇਲਜ਼ਾਮਾਂ ਤਹਿਤ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਸੰਸਦ 'ਚ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਦਾ ਮਤਾ ਪੇਸ਼ ਕੀਤਾ ਗਿਆ, ਜੋ ਭਾਵੇਂ ਵਿਰੋਧੀ ਪਾਰਟੀਆਂ ਦੀ ਘੱਟ ਗਿਣਤੀ ਕਾਰਨ ਪਾਸ ਨਾ ਹੋ ਸਕਿਆ, ਪਰ ਮੁੱਖ ਚੋਣ ਕਮਿਸ਼ਨਰ ਦੇ ਪੱਖਪਾਤੀ ਰਵੱਈਏ ਦੀ ਭਰਪੂਰ ਚਰਚਾ ਹੋਈ।
ਬਿਹਾਰ ਵਿੱਚ ਜਦੋਂ ਐੱਸ.ਆਈ.ਆਰ. (ਵੋਟਾਂ ਦੀ ਸ਼ੁੱਧਤਾ) ਦੀ ਪ੍ਰਕਿਰਿਆ ਸ਼ੁਰੂ ਹੋਈ ਸੀ, ਤਦ ਦੋਸ਼ ਲਗਾਏ ਗਏ ਕਿ ਹੁਣ ਤੱਕ ਇੱਕ ਝਾਕੀ ਹੈ,ਬੰਗਾਲ ਬਾਕੀ ਹੈ। ਅਰਥਾਤ ਬੰਗਾਲ ਚੋਣਾਂ 'ਚ ਚੋਣ ਕਮਿਸ਼ਨ ਵੋਟਰ ਸੂਚੀ ਨੂੰ ਲੈ ਕੇ ਸਖ਼ਤ ਹੋਵੇਗਾ। ਉਸ ਸਮੇਂ ਇਹ ਸਿਰਫ਼ ਦੋਸ਼ ਲੱਗੇ ਸਨ,ਪਰ ਹੁਣ ਇਹ ਸਹੀ ਸਾਬਤ ਹੋ ਰਹੇ ਹਨ ਜਦੋਂ ਵੋਟਰ ਸੂਚੀ ਦੇ ਵਿਸ਼ੇਸ਼ ਪੁਨਰ ਪ੍ਰੀਖਣ ਦੇ ਬਾਅਦ ਪੱਛਮੀ ਬੰਗਾਲ 'ਚ ਲਗਭਗ 91 ਲੱਖ ਵੋਟਰਾਂ ਨੂੰ ਵੋਟਰ ਸੂਚੀਆਂ 'ਚੋਂ ਹਟਾ ਦਿੱਤਾ ਗਿਆ। ਇਹ ਹਟਾਏ ਹੋਏ ਵੋਟਰ ਕੁੱਲ ਵੋਟਰਾਂ ਦਾ 12 ਫ਼ੀਸਦੀ ਹਨ।
ਪੱਛਮੀ ਬੰਗਾਲ ਵਿੱਚ ਵੋਟਰ ਸੂਚੀ ਦੀ ਸੁਧਾਈ ਪ੍ਰਕਿਰਿਆ ਦੌਰਾਨ ਵੀ ਵੱਡੀ ਗਿਣਤੀ ਵਿੱਚ ਨਾਂ ਕੱਟੇ ਜਾਣ ਦੇ ਦੋਸ਼ ਲੱਗੇ ਹਨ। ਹਾਲਾਂਕਿ ਅਧਿਕਾਰਿਕ ਅੰਕੜਿਆਂ ਦੀ ਪੁਸ਼ਟੀ ਲਾਜ਼ਮੀ ਹੈ, ਪਰ ਇਹ ਮਾਮਲਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।
ਲੋਕਤੰਤਰ ਵਿੱਚ ਹਰ ਨਾਗਰਿਕ-ਗ਼ਰੀਬ, ਅਮੀਰ, ਔਰਤ, ਮਰਦ, ਬਜ਼ੁਰਗ, ਜਵਾਨ ਜਾਂ ਵਿਸ਼ੇਸ਼ ਯੋਗਤਾ ਵਾਲਾ-ਵੋਟ ਦੇ ਅਧਿਕਾਰ ਰਾਹੀਂ ਬਰਾਬਰੀ ਦਾ ਅਹਿਸਾਸ ਕਰਦਾ ਹੈ। ਅੱਜ ਜਦੋਂ ਨਾਗਰਿਕਾਂ ਨੂੰ ਕੇਰਲ, ਅਸਾਮ ਅਤੇ ਪੁਡੂਚੇਰੀ ਵਿੱਚ ਬੰਪਰ ਵੋਟਿੰਗ ਦਾ ਮੌਕਾ ਮਿਲਿਆ ਤਾਂ ਉਹਨਾਂ 27 ਲੱਖ ਬੰਗਾਲ ਦੇ ਲੋਕਾਂ ਉੱਤੇ ਕੀ ਬੀਤੇਗੀ, ਜਿਹੜੇ ਚੋਣ 'ਚ ਚੋਣ ਕਮਿਸ਼ਨ ਦੀਆਂ ਸਖ਼ਤ ਕਾਰਵਾਈਆਂ ਕਾਰਨ, ਵੋਟ ਪਾਉਣ ਤੋਂ ਵਿਰਵੇ ਰਹਿ ਜਾਣਗੇ। ਭਾਵੇਂ ਦੇਸ਼ ਦੇ ਅੰਦਰ ਇੱਕ ਸੂਬੇ ਤੋਂ ਦੂਜੇ ਸੂਬੇ ਨੂੰ ਪਰਵਾਸ ਹੋ ਰਿਹਾ ਹੋਵੇ ਜਾਂ ਬਾਹਰਲੇ ਮੁਲਕਾਂ ਨੂੰ ਭਾਰਤ ਵਾਸੀ ਜਾ ਰਹੇ ਹੋਣ, ਭਾਵੇਂ ਕੋਵਿਡ ਦੌਰਾਨ ਮਹਾਂਮਾਰੀ ਦੇ ਦੌਰ ਚ ਮੌਜੂਦ ਐੱਲ.ਪੀ.ਜੀ. ਦੇ ਸਿਲੰਡਰਾਂ ਦੀ ਕਮੀ ਕਾਰਨ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਦੌੜ ਰਹੇ ਹੋਣ,ਤਦ ਸੰਵਿਧਾਨਿਕ ਸੰਸਥਾ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਦਰਕਿਨਾਰ ਕਰਦੇ ਹੋਏ ਉਹਨਾਂ ਨਾਲ ਦੋ ਟੁੱਕ "ਦਫਾ ਹੋ ਜਾਓ" ਜਿਹਾ ਵਰਤਾਓ ਕਰੇਗੀ ਤਾਂ ਫਿਰ ਲੋਕਾਂ ਦਾ ਲੋਕਤੰਤਰ ਪ੍ਰਤੀ ਵਿਸ਼ਵਾਸ ਕਿਵੇਂ ਬੱਝੇਗਾ? ਕੁਪੋਸ਼ਣ ਨਾਲ ਇਕੱਠਾ ਹੋਇਆ ਸਰੀਰ, ਸਰੀਰ ਉੱਤੇ ਮਾਮੂਲੀ ਕੱਪੜਿਆਂ ਦੇ ਬਾਅਦ ਵੀ ਜਦੋਂ ਵੋਟਰ ਆਪਣੀ ਉਂਗਲੀ 'ਤੇ ਲੱਗਿਆ ਨੀਲਾ ਨਿਸ਼ਾਨ ਦਿਖਾਉਂਦਾ ਹੈ, ਤਾਂ ਲੋਕਤੰਤਰ ਵਧਦਾ-ਫੁੱਲਦਾ ਦਿਸਦਾ ਹੈ। ਪਰ ਅੱਜ ਜਦੋਂ ਗ਼ਰੀਬ ਤੋਂ ਵੋਟ ਖੋਹੀ ਜਾ ਰਹੀ ਹੈ ਤਾਂ ਵੋਟਰ ਚਿੰਤਾਤੁਰ ਦਿਸਦਾ ਹੈ। ਉਸ ਦੇ ਮਨ 'ਚ ਸਵਾਲ ਉੱਠਦੇ ਹਨ ਕਿ ਉਹ ਆਪਣੇ ਦੇਸ਼ 'ਚ ਬੇਗਾਨਾ ਕਿਉਂ ਹੋ ਰਿਹਾ ਹੈ? ਜਦੋਂ ਕਿਸੇ ਵੀ ਕਾਰਨ ਕਰਕੇ ਲੋਕ ਵੋਟ ਦੇਣ ਤੋਂ ਵੰਚਿਤ ਰਹਿੰਦੇ ਹਨ, ਤਾਂ ਇਹ ਲੋਕਤੰਤਰ ਲਈ ਚਿੰਤਾਜਨਕ ਗੱਲ ਹੈ। ਸੋਚਣ ਵਾਲੀ ਗੱਲ ਹੈ ਕਿ ਇੱਕ ਗ਼ਰੀਬ ਮਜ਼ਦੂਰ, ਜੋ ਦਿਨ ਭਰ ਦੀ ਮਿਹਨਤ ਤੋਂ ਬਾਅਦ ਵੋਟ ਪਾਉਣ ਨੂੰ ਆਪਣਾ ਫਰਜ਼ ਮੰਨਦਾ ਹੈ, ਜਦੋਂ ਉਸਦਾ ਨਾਮ ਸੂਚੀ 'ਚੋਂ ਗਾਇਬ ਹੋਵੇ, ਤਾਂ ਉਸਦੇ ਮਨ 'ਤੇ ਕੀ ਬੀਤਦੀ ਹੋਵੇਗੀ।
ਇਹ ਗੱਲ ਹੁਣ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਕਿ ਦੇਸ਼ ਦਾ ਆਮ ਨਾਗਰਿਕ ਦੇਸ਼ ਵਿੱਚ ਵੱਡੇ ਪੱਧਰ 'ਤੇ ਮਾਈਗ੍ਰੇਸ਼ਨ, ਗ਼ਰੀਬੀ ਅਤੇ ਰੋਜ਼ਗਾਰ ਦੀ ਕਮੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ। ਫਿਰ ਵੀ ਉਹ ਨਾਗਰਿਕ ਬਣੇ ਰਹਿਣ ਦੀ ਮਜ਼ਬੂਰੀ ਨਿਭਾਉਂਦੇ ਹਨ। ਦੇਸ਼ ਦਾ ਹਾਲ ਤਾਂ ਇਹ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਦੇਸ਼ ਦੇ 80 ਕਰੋੜ ਲੋਕ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਸਰਕਾਰ ਦੇ ਮੁਫ਼ਤ ਰਾਸ਼ਨ 'ਤੇ ਨਿਰਭਰ ਹਨ। ਰੋਜ਼ੀ ਰੋਟੀ ਲਈ ਦੇਸ਼ ਦਾ ਇਹ ਗ਼ਰੀਬ ਵਰਗ ਜਿੱਧਰ ਵੀ ਆਸ ਦੀ ਕਿਰਨ ਦਿਸਦੀ ਹੈ, ਉਧਰ ਹੀ ਭੱਜਦਾ ਹੈ। ਹਾਲਾਤ ਜਦੋਂ ਭੁੱਖਮਰੀ ਵਰਗੇ ਹੋਣਗੇ ਤਾਂ ਪਲਾਇਨ (ਪ੍ਰਵਾਸ) ਤਾਂ ਹੋਣਾ ਹੀ ਹੋਇਆ ਅਤੇ ਏਸੇ ਦੀ ਆੜ 'ਚ ਜਦੋਂ ਚੋਣ ਕਮਿਸ਼ਨ ਉਸ ਦਾ ਦੇਸ਼ ਦਾ ਨਾਗਰਿਕ ਬਣੇ ਰਹਿਣ ਦਾ ਅਧਿਕਾਰ ਖੋਹਦਾ ਹੈ ਤਾਂ ਉਸਦਾ ਸੀਨਾ ਤਾਂ ਤਾਰ-ਤਾਰ ਹੋਣਾ ਹੀ ਹੋਇਆ। ਅਜਿਹੇ ਮੌਕੇ 'ਤੇ ਜੇ ਸੰਵਿਧਾਨਕ ਸੰਸਥਾਵਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਦੀ ਬਜਾਏ ਸਖ਼ਤੀ ਨਾਲ ਪੇਸ਼ ਆਉਣ, ਤਾਂ ਲੋਕਾਂ ਦਾ ਵਿਸ਼ਵਾਸ ਡੋਲ ਸਕਦਾ ਹੈ।
ਜਦੋਂ ਇੱਕ ਗ਼ਰੀਬ ਵਿਅਕਤੀ ਆਪਣੀ ਉਂਗਲੀ 'ਤੇ ਲੱਗੀ ਸਿਆਹੀ ਨੂੰ ਮਾਣ ਨਾਲ ਦਿਖਾਉਂਦਾ ਹੈ, ਤਾਂ ਉਹ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ ਹੁੰਦਾ ਹੈ। ਪਰ ਜਦੋਂ ਉਸਨੂੰ ਵੋਟ ਦੇਣ ਤੋਂ ਰੋਕਿਆ ਜਾਂਦਾ ਹੈ, ਤਾਂ ਉਸਦੇ ਮਨ ਵਿੱਚ ਬੇਗਾਨਗੀ ਦੇ ਭਾਵ ਪੈਦਾ ਹੁੰਦੇ ਹਨ।
ਅੱਜ ਵੀ ਦੇਸ਼ ਦਾ ਵੱਡਾ ਵਰਗ ਆਪਣੀ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਿਹਾ ਹੈ। ਮਜ਼ਬੂਰੀਆਂ ਦੇ ਕਾਰਨ ਪਲਾਇਨ ਵੀ ਵਧ ਰਿਹਾ ਹੈ। ਜੇਕਰ ਇਨ੍ਹਾਂ ਹਾਲਾਤਾਂ ਵਿੱਚ ਲੋਕਾਂ ਦੇ ਵੋਟ ਦੇ ਅਧਿਕਾਰ 'ਤੇ ਵੀ ਸਵਾਲ ਖੜ੍ਹੇ ਹੋਣ, ਤਾਂ ਇਹ ਲੋਕਤੰਤਰ ਲਈ ਖ਼ਤਰਨਾਕ ਸੰਕੇਤ ਹੋ ਸਕਦਾ ਹੈ।
ਚੋਣਾਂ ਨੂੰ ਹਮੇਸ਼ਾਂ ਲੋਕਤੰਤਰ ਦਾ ਤਿਉਹਾਰ ਮੰਨਿਆ ਗਿਆ ਹੈ। ਇਸ ਵਿੱਚ ਹਰ ਨਾਗਰਿਕ ਦੀ ਭਾਗੀਦਾਰੀ ਦਰਕਾਰ ਹੈ। ਪਰ ਭਾਰਤੀ ਚੋਣ ਅਯੋਗ ਲੋਕਾਂ ਦੀਆਂ ਸਮੱਸਿਆਵਾਂ ਨੂੰ ਦਰਕਿਨਾਰ ਕਰ ਕੇ ਕਿਸੇ ਵਿਸ਼ੇਸ਼ ਧਿਰ ਦੇ ਹੱਕ 'ਚ ਭੁਗਤਦਾ ਨਜ਼ਰ ਆ ਰਿਹਾ ਹੈ। ਜੇਕਰ ਲੋਕਾਂ ਨੂੰ ਹੀ ਲੋਕਤੰਤਰੀ ਚੋਣ ਪ੍ਰਕਿਰਿਆ ਤੋਂ ਦੂਰ ਕੀਤਾ ਜਾਵੇ, ਤਾਂ ਇਹ ਪ੍ਰਣਾਲੀ ਦੀ ਆਤਮਾ 'ਤੇ ਸਵਾਲ ਖੜ੍ਹਾ ਕਰਦਾ ਹੈ। ਪਹਿਲਾਂ ਚੋਣ ਕਮਿਸ਼ਨ ਨੂੰ ਚੋਣਾਂ ਵਿੱਚ ਹਿੰਸਾ ਅਤੇ ਧਾਂਧਲੀ ਦੀ ਚਿੰਤਾ ਹੁੰਦੀ ਸੀ, ਪਰ ਹੁਣ ਧਿਆਨ ਕਥਿਤ ਅਯੋਗ ਵੋਟਰਾਂ 'ਤੇ ਵੱਧ ਦਿੱਤਾ ਜਾ ਰਿਹਾ ਹੈ।
ਸਵਾਲ ਇਹ ਹੈ ਕਿ ਕੀ ਵੋਟਰਾਂ ਪ੍ਰਤੀ ਇਸ ਤਰ੍ਹਾਂ ਦਾ ਸਖਤ ਰਵੱਈਆ ਲੋਕਤੰਤਰ ਲਈ ਘਾਤਕ ਸਾਬਤ ਨਹੀਂ ਹੋਵੇਗਾ? ਕੀ ਦੇਸ਼ ਦੇ ਚੋਣ ਅਯੋਗ ਦੀ ਵੋਟਰਾਂ ਪ੍ਰਤੀ ਦੋ ਟੁੱਕ "ਦਫਾ ਹੋ ਜਾਉ" ਦੀ ਨੀਤੀ ਲੋਕਤੰਤਰ ਦੇ ਲਈ ਘੁਣ ਨਹੀਂ ਬਣ ਜਾਏਗੀ? ਜੇ ਸਮੇਂ ਸਿਰ ਇਸ 'ਤੇ ਵਿਚਾਰ ਨਾ ਕੀਤਾ ਗਿਆ, ਤਾਂ ਇਹ ਸੰਵਿਧਾਨਿਕ ਮੁੱਲਾਂ ਅਤੇ ਲੋਕਤੰਤਰਕ ਕਦਰਾਂ-ਕੀਮਤਾਂ ਲਈ ਖ਼ਤਰਾ ਬਣ ਸਕਦਾ ਹੈ ਅਤੇ ਇਹ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਕਦਰਾਂ ਕੀਮਤਾਂ ਨੂੰ ਤਹਿਸ-ਨਹਿਸ ਕਰਨ ਵੱਲ ਵੱਡਾ ਕਦਮ ਸਾਬਿਤ ਹੋਵੇਗਾ।
ਲੋਕਤੰਤਰ ਸਿਰਫ਼ ਚੋਣਾਂ ਨਾਲ ਨਹੀਂ, ਸਗੋਂ ਲੋਕਾਂ ਦੇ ਭਰੋਸੇ ਨਾਲ ਚੱਲਦਾ ਹੈ। ਜੇ ਇਹ ਭਰੋਸਾ ਹੀ ਡਗਮਗਾਉਣ ਲੱਗ ਪਏ, ਤਾਂ ਸਭ ਤੋਂ ਵੱਡਾ ਖ਼ਤਰਾ ਕਿਸੇ ਸਰਕਾਰ ਨੂੰ ਨਹੀਂ, ਸਗੋਂ ਪੂਰੇ ਲੋਕਤੰਤਰਕ ਢਾਂਚੇ ਨੂੰ ਹੁੰਦਾ ਹੈ। ਲੋਕਤੰਤਰ ਦੀ ਅਸਲ ਤਾਕਤ ਵੋਟਰ ਦੇ ਹੱਥ ਵਿੱਚ ਹੁੰਦੀ ਹੈ, ਪਰ ਜਦੋਂ ਵੋਟਰ ਨੂੰ ਹੀ ਆਪਣੀ ਹੋਂਦ ਸਾਬਤ ਕਰਨੀ ਪਵੇ, ਤਾਂ ਇਹ ਲੋਕਤੰਤਰੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ।
ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ-ਇਹ ਸਿਰਫ਼ ਸਲੋਗਨ ਨਹੀਂ, ਸਗੋਂ ਲੋਕਤੰਤਰਿਕ ਢਾਂਚੇ ਉੱਤੇ ਉੱਠਦੇ ਸਵਾਲ, ਸ਼ੱਕ ਅਤੇ ਅਵਿਸ਼ਵਾਸ ਦੀ ਝਾਕੀ ਬਣਦਾ ਜਾ ਰਿਹਾ ਹੈ।



ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca


## ਲੇਖਕਾਂ ਦੀ ਮਿਲਣੀ ਮੌਕੇ ਕੀਹਨੇ ਆਖੀ ਆਹ ਗੱਲ!

# ਤੂੰ ਲੜਦੀ ਖਾਹ-ਮਖਾਹ, ਐਵੇਂ ਭਾਂਡੇ ਨਾ ਖੜਕਾ, ਤੂੰ ਕੱਲ੍ਹ ਜਾਂਦੀ ਅੱਜ ਜਾਹ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਬੀਤੀ 11 ਅਪ੍ਰੈਲ ਨੂੰ ਕੋਸੋ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਜਸਵੰਤ ਰਾਏ ਸ਼ਰਮਾ ਅਤੇ ਸੁਖਪਾਲਵੀਰ ਸਿੰਘ ਨੇ ਕੀਤੀ। ਸ਼ੁਰੂ ਵਿੱਚ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰ ਅਮਰ ਕੋਮਲ ਅਤੇ ਲਾਲ ਸਿੰਘ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਲਾਲ ਸਿੰਘ ਦੇ ਸਪੁੱਤਰ ਸੁਖਪਾਲਵੀਰ ਨੇ ਉਨ੍ਹਾਂ ਦੇ ਸਾਹਿਤਕ ਜੀਵਨ ‘ਤੇ ਝਾਤ ਪੁਆਈ। ਸਕੱਤਰ ਬਲਜਿੰਦਰ ਕੌਰ ਉਰਫ਼ ਸੋਨੀ ਮਾਂਗਟ ਨੇ ਵਿਸਾਖੀ, ਖਾਲਸਾ ਸਾਜਨਾ ਦਿਵਸ, ਜੱਲ੍ਹਿਆਂਵਾਲਾ ਬਾਗ ਦਾ ਖ਼ੂਨੀ ਕਾਂਡ ਅਤੇ ਸਿੱਖ ਵਿਰਾਸਤ ਮਹੀਨੇ ਦੇ ਅਹਿਮ ਪੱਖਾਂ ਬਾਰੇ ਜਾਣਕਾਰੀ ਦਿੱਤੀ। ਪਰਮਜੀਤ ਭੰਗੂ ਨੇ ਖਾਲਸਾ ਸਾਜਨਾ ਬਾਰੇ ਵਾਰ ਸੁਣਾਈ। ਡਾ: ਮਨਮੋਹਨ ਬਾਠ ਨੇ - ਦੀਵਾ ਬਲ਼ੇ ਸਾਰੀ ਰਾਤ, ਹਰਮਿੰਦਰਪਾਲ ਸਿੰਘ ਨੇ - ਗੁਜਰੀ ਦਾ ਚੰਨ, ਚੰਨਾਂ ‘ਚੋਂ ਚੰਨ , ਗਿੱਲ ਸੁਖਮੰਦਰ ਨੇ - ਸੱਚੇ ਆਸ਼ਕ ਮੁਨਾਫ਼ਾ ਕਦੇ ਤੱਕਦੇ ਨੀਂ ਹੁੰਦੇ ਅਤੇ ਸੁਖਵਿੰਦਰ ਤੂਰ ਨੇ - ਉੱਝ ਆਉਂਦੀ ਏ ਵਿਸਾਖੀ ਹਰ ਵਾਰ ਮੇਰੇ ਪਿੰਡ - ਗੀਤਾਂ ਰਾਹੀਂ ਸਿਰੇ ਦਾ ਸੰਗੀਤਕ ਮਾਹੌਲ ਸਿਰਜਿਆ। ਸੋਹਣ ਸਿੰਘ ਭੁੱਚੋ ਨੇ ਖਾਲਸਾ ਸਾਜਨਾ ਬਾਰੇ ਡਿਓਢਾ ਛੰਦ ਥੋੜੇ ਕੋਲ਼ੋਂ ਅੱਜ ਇੱਕ ਸੀਸ ਮੰਗਦੀ ਮੇਰੀ ਤਲਵਾਰ ਜੀ ਗਾ ਕੇ ਬੁਲੰਦ ਆਵਾਜ਼ ਵਿੱਚ ਕਵੀਸ਼ਰੀ ਕੀਤੀ । ਦਰਸ਼ਨ ਬਰਾੜ ਨਿਵੇਕਲੀ ਤਰਜ਼ ਰਾਹੀਂ ਕਵੀਸ਼ਰੀ ਸੁਣਾ ਗਿਆ - ਤੂੰ ਲੜਦੀ ਖਾਹ-ਮਖਾਹ, ਐਵੇਂ ਭਾਂਡੇ ਨਾ ਖੜਕਾ, ਤੂੰ ਕੱਲ੍ਹ ਜਾਂਦੀ ਅੱਜ ਜਾਹ, ਗੁੱਸੇ ਵਿੱਚ ਫਿਰੇਂ ਭਰੀ ਨੀਂ। ਜਸਵੰਤ ਸਿੰਘ ਸੇਖੋਂ ਨੇ ਬਹੱਤਰ ਕਲਾ ਛੰਦ ਗਾ ਕੇ ਕਵੀਸ਼ਰੀ ਪੇਸ਼ ਕੀਤੀ। ਜਰਨੈਲ ਤੱਗੜ ਨੇ ਪੰਜਾਬ ਫੇਰੀ ਦੌਰਾਨ ਜਲੰਧਰ ਦੇ ਦੇਸ਼ ਭਗਤ ਹਾਲ ਵਿਖੇ ਗਦਰੀ ਬਾਬਿਆਂ ਦੇ ਤਿੰਨ-ਦਿਨਾ ਮੇਲੇ ਦਾ ਅੱਖੀਂ ਵੇਖਿਆ ਹਾਲ ਸੁਣਾਇਆ। ਪ੍ਰਕਾਸ਼ ਕੌਰ ਅਤੇ ਬਲਵਿੰਦਰ ਸਿੰਘ ਮਾਨ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਹਵਾਲਿਆਂ ਨਾਲ਼ ਨਸੀਹਤਾਂ ਪਰੋਸੀਆਂ। ਜਸਵੀਰ ਸਿਹੋਤਾ ਨੇ ਆਪਣੀ ਕਵਿਤਾ - ਮਾਣ ਕਰੇਗਾ ਜਹਾਨ ਕੱਲ੍ਹ ਤੇਰੀ ਗੜ੍ਹੀ ਉੱਤੇ, ਗੁਰਚਰਨ ਕੌਰ ਥਿੰਦ ਨੇ - ਖੰਡਿਉਂ ਤਿੱਖੀ ਵਾਲ਼ੋਂ ਨਿੱਕੀ ਸਿੱਖੀ ਦਾ ਹੈ ਬਿਖੜਾ ਪੈਂਡਾ, ਚਰਨਦੀਪ ਕੌਰ ਨੇ ਆਪਣੀ ਕਵਿਤਾ - ਚਾਹੁੰਦਾ ਜੋ ਖਾਲਸਾ ਬਣਨਾ ਆ ਜੋ ਹਿੰਮਤ ਕਰ ਕੇ ਅਤੇ ਜਗਦੇਵ ਸਿੱਧੂ ਨੇ ਮਨੁੱਖ ਦੁਆਰਾ ਪੁਲਾੜ ਨੂੰ ਗਾਹੁਣ ਅਤੇ ਧਰਤੀ ਉਪਰ ਵਸੋਂ ਦੀ ਦੁਰਦਸ਼ਾ ਹੋਣ ਬਾਰੇ ਆਪਣੀ ਕਵਿਤਾ - ਮਾਏ ਨੀਂ ਅੱਜ ਸ਼ਗਨਾਂ ਮੌਕੇ ਸੌਣ ਕੁਵੱਲੜੇ ਹੋਏ - ਦੀ ਪੇਸ਼ਕਾਰੀ ਰਾਹੀਂ ਦਰਸ਼ਕਾਂ ਨੂੰ ਵਿਚਾਰ-ਮਗਨ ਕੀਤਾ। ਬਲਦੇਵ ਸਿੰਘ ਦੁੱਲਟ ਨੇ ਗ਼ਦਰੀ ਯੋਧਿਆਂ ਦੀ ਵਾਰਤਾ ਸੁਣਾਈ। ਸਾਹਿਤਕ ਅਤੇ ਮੌਸ਼ੀਕੀ ਸਮਾਗਮਾਂ ਦੇ ਮਾਹਿਰ ਆਯੋਜਿਕ ਜਸਵੰਤ ਰਾਏ ਸ਼ਰਮਾ ਨੇ ਗੁਰੂ ਨਾਨਕ ਦੇਵ ਜੀ ਦੇ ਜੰਝੂ ਬਾਰੇ ਤਰਕਪੂਰਨ ਸੰਕਲਪ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੁਆਰਾ ਤਿਲਕ-ਜੰਝੂ ਦੇ ਰਾਖੇ ਹੋਣ ਤੱਕ ਨੂੰ ਬਾਖੂਬੀ ਬਿਆਨਿਆ। ਸਤਨਾਮ ਢਾਅ ਨੇ ਸਭਾ ਦੀ ਚੜ੍ਹਦੀ ਕਲਾ ਬਾਰੇ ਤਸੱਲੀ ਪ੍ਰਗਟ ਕਰਦਿਆਂ ਹਾਜ਼ਰੀਨ ਪ੍ਰਤੀ ਆਭਾਰ ਜਤਾਇਆ। ਸਤਨਾਮ ਸ਼ੇਰਗਿੱਲ ਨੇ ਇੰਗਲੈਂਡ ਵਿੱਚਲੀਆਂ ਇਤਿਹਾਸਕ ਯਾਦਗਾਰਾਂ ਬਾਰੇ ਅਨੁਭਵ ਸਾਂਝੇ ਕੀਤੇ। ਤਰਲੋਕ ਚੁੱਘ ਦਰਸ਼ਕਾਂ ਨੂੰ ਹਸਾਉਣ ਤੋਂ ਬਾਜ਼ ਨਹੀਂ ਆਇਆ। ਗੁਰਦੀਪ ਸਿੰਘ, ਮਹਿੰਦਰ ਕੌਰ ਕਾਲੀਰਾਏ, ਚਰਨਜੀਤ ਕੌਰ ਸੰਧੂ, ਬੇਅੰਤ ਕੌਰ ਭੱਠਲ਼, ਸੁਖਦੇਵ ਕੌਰ ਢਾਅ, ਸੁਖਵਿੰਦਰ ਸਿੰਘ ਥਿੰਦ, ਭੂਪਿੰਦਰ ਸਿੰਘ, ਜੈ ਸਿੰਘ ਉੱਪਲ, ਬਲਕਾਰ ਸਿੰਘ ਦਿਉਲ ਅਤੇ ਮੁਖਿੰਦਰਪਾਲ ਸਿੰਘ ਉੱਪਲ ਨੇ ਵਿੱਚਾਰ-ਚਰਚਾ ਵਿੱਚ ਹਿੱਸਾ ਲਿਆ। ਜਸਵੰਤ ਸਿੰਘ ਲਿਖਿਤ ‘ਵਾਸੀ ਮੇਰੇ ਪਿੰਡ ਦੇ‘, ਤੇਲੂ ਰਾਮ ਕੋਹਾੜਾ ਦੀ ‘ ਭੁਲੱਕੜਨਾਮਾ‘ ਅਤੇ ਗਿੱਲ ਸੁਖਮੰਦਰ ਦੀ ‘ਖ਼ਾਕ ਤੋਂ ਖ਼ਾਕ ਤੱਕ‘ ਪੁਸਤਕਾਂ ਜਸਵੰਤ ਰਾਏ ਸ਼ਰਮਾ ਅਤੇ ਸੋਨੀ ਮਾਂਗਟ ਨੂੰ ਭੇਟ ਕੀਤੀਆਂ ਗਈਆਂ। ਸੋਨੀ ਮਾਂਗਟ ਨੇ ਢੁਕਵੀਂਆਂ ਟਿੱਪਣੀਆਂ ਦੇ ਕੇ ਕਾਰਵਾਈ ਨੂੰ ਦਿਲਚਸਪ ਬਣਾਈ ਰੱਖਿਆ। ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਭਰਵੀਂ ਸ਼ਮੂਲੀਅਤ ਲਈ ਹਾਜ਼ਰੀਨ ਦਾ ਧੰਨਵਾਦ ਕੀਤਾ।



# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਦਿੱਲੀ ਦੇ ਜੰਮਪਲ ਸਿੱਖ ਬਾਜਵਾ ਪਰਿਵਾਰ ਦੇ ਇਕਲੌਤੇ ਲੜਕੇ ਜਨਮ 2002,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ: graduation in 221, ਦਿੱਲੀ ਕਾਰਪੋਰੇਸ਼ਨ ਸਰਕਾਰੀ ਜੌਬ ਕਰਦੇ ਲਈ ਹਾਣ ਪ੍ਰਵਾਨ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 368 599 7814 **295*3**

## ਲੜਕੇ ਦੀ ਲੋੜ

ਰਾਮਗੜ੍ਹੀਆ PR ਲੜਕੀ ,ਕੈਲਗਰੀ ਜਨਮ 1989 5' 5" ਪੜ੍ਹੀ ਲਿਖੀ ਤਲਾਕਸ਼ੁਦਾ, ਬਿਨਾ ਬੱਚੇ, ਲਈ ਵੈੱਲ ਸੈੱਟਲਡ ਮੁੰਡੇ ਦੀ ਲੋੜ। ਪਹਿਲ BC, ਮਾਲਵਾ। ਬਹੁਤੀ ਛੋਟੀ ਉਮਰ ਵਾਲੇ ਨਾ ਸੰਪਰਕ ਕਰਨ +91 98 558 48979, Ramgharia PR short issueless no kids divorce,5'5" 1989 well educated girl in Calgary seeking well settled boy. Willing to move to BC. Please call +91 98 558 48979, Marriage Bureau calls will be blocked ***295***3***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਟਰੱਕਿੰਗ ਇੰਡਸਟਰੀ ਵਿੱਚ ਵਰਕ ਪਰਮਿਟ ਉੱਪਰ ਕੈਨੇਡਾ (ਕੈਲਗਰੀ) ਰਹਿੰਦੇ ਲੜਕੇ,ਉਮਰ 33 ਸਾਲ, ਕੱਦ 5 ਫੁੱਟ 9 ਇੰਚ, ਪੜ੍ਹਾਈ ਲਿਖਾਈ: ਬੀ ਟੈੱਕ ਐਂਡ ਲਾਅ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 493 1993 ਜਾਂ 91 98 141 22621 ***295***3***

## ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਿਰੀ ਰਹਿੰਦੇ ਪਰਜਾਪਤ ਸਿੱਖ ਪਰਿਵਾਰ ਦੇ ਲੜਕੇ,ਜਨਮ 1996,ਕੱਦ 5 ਫੁੱਟ 6 ਇੰਚ,ਟਰੱਕ ਟਰੇਲਰ ਮਕੈਨਿਕ,ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ,ਬਿਨਾ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ:1 368 338 6512 ***295***3ਫ***

## ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***299***rana*

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA,B.Ed and Cosmetology (Beauitican ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ ਸੰਪਰਕ:778 953 0024 ***294***3*

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਤਲਾਕਸ਼ੁਦਾ ( ਕੋਈ ਬੱਚਾ ਨਹੀਂ)ਲੜਕੇ ਉਮਰ 40 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 703 5870 ਜਾਂ 587 889 4509 ***294***3*

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A ) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***299**k**

## ਲੜਕੀ ਦੀ ਲੋੜ

ਕੈਲਗਰੀ ਵਰਕ ਪਰਮਿਟ ਉੱਪਰ ਰਹਿੰਦੇ ਰਾਮਗੜੀਆ ਪਰਿਵਾਰ ਦੇ ਲੜਕੇ ਜਨਮ 1997 ਕੱਦ 5 ਫੁੱਟ 7 ਇੰਚ,ਆਟੋਮੋਟਿਵ ਟੈਕਨੀਸ਼ੀਅਨ,ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕੋਈ ਜਾਤੀ ਬੰਦਨ ਨਹੀਂ । ਸੰਪਰਕ: ਵਟਸਐਪ 1 (647) 685-9457 ***292***3

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ , ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ 'ਤੇ ਸੈਟਲ ਹੈ। ਸੰਪਰਕ: 1 825 733 6513 ਜਾਂ 1 778 551 8600, E mail: sbhathal52@gmail.com ***292***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗੋਤ ਮੇਸ ਪਰਿਵਾਰ ਦੀ ਲੜਕੀ ਉਮਰ 27 ਸਾਲ,ਕੱਦ 5 ਫੁੱਟ 3 ਇੰਚ, ਪਲੱਸ 2 ਲਈ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਫੋਨ: 1 825 431 3300 ਜਾਂ ਈ ਮੇਲ: Jmanjit61@gmail.com ***292***3

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਇੰਡੀਆ ਰਹਿੰਦੇ ਲੜਕੇ ਉਮਰ 31 ਸਾਲ ਕੱਦ 6 ਫੁੱਟ 1 ਇੰਚ ਆਈ ਟੀ ਆਈ ਪਲੰਬਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਬਾਕੀ ਪਰਿਵਾਰ ਕੈਨੇਡਾ ਵੈਲ ਸੈਟਲਡ ਹੈ । ਸੰਪਰਕ:1778 710 0002 ***292***3

## ਲੜਕੇ ਦੀ ਲੋੜ

ਰਾਮਗੜ੍ਹੀਆ ਗੁਰਸਿੱਖ ਕਨੇਡੀਅਨ ਸਿਟੀਜ਼ਨ ਲੜਕੀ,ਜਨਮ 1996, ਕੱਦ 5 ਫੁੱਟ 4 ਇੰਚ,ਰਿਹਾਇਸ਼ ਕੈਲਗਰੀ (ਕਨੇਡਾ) ਲਈ ਚੰਗੇ ਸੈਟਲ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਲਗਰੀ ਨਿਵਾਸੀ ਹੋਵੇ । ਸੰਪਰਕ: +919814212395***291***

## ਲੜਕੀ ਦੀ ਲੋੜ

PR Canada handsome turbaned Veterinary Doctor Boy,1996/5' 7",BVSc & AH (Doctor of Veterinary Medicine), Looking for Canadian Citizen/PR Veterinary Doctor girl, Caste no bar, Kindly provide Bio data if interested, WhatsApp: +919781040140 ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 1998, ਕੱਦ 6 ਫੁੱਟ, ਇਲੈਕਟਰੀਕਲ ਡਿਪਲੋਮਾ ਹੋਲਡਰ,ਇਲੈਕਟਰੀਸਨ ਦਾ ਬਿਜਨਿਸ ਕਰਦੇ ਲਈ, ਕਨੇਡਾ ਵਿੱਚ ਰਹਿੰਦੀ ਵੈਲ ਸੈਟਲਡ ਲੜਕੀ, ਜਿਸਦਾ ਕੱਦ ਘੱਟੋ ਘੱਟ 5 ਫੁੱਟ 5 ਇੰਚ ਜਰੂਰ ਹੋਵੇ,ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 3 ਏਕੜ ਜਮੀਨ ਹੈ। ਸੰਪਰਕ: 91 9463530520 ਜਾਂ 403 702 1490 ,ਈ ਮੇਲ: gillkaran50333@gmail.com ***290***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਜਨਮ 1992,ਕੱਦ 6 ਫੁੱਟ 1 ਇੰਚ, ਬੀ ਐਸ ਸੀ ਐਗਰੀਕਲਚਰਲ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਸਰਕਾਰ ਵਿੱਚ ਇੰਸਪੈਕਟਰ ਦੀ ਜੌਬ,ਅਤੇ 13 ਏਕੜ ਜਮੀਨ ਦੀ ਮਾਲਕੀ ਹੈ। ਕਨੇਡੀਅਨ ਪੀ ਆਰ ਪੋਆਇੰਟ ਸਿਸਟਮ ਨਾਲ ਹੋਈ ਹੈ। ਛੋਟੀ ਭੈਣ ਕੈਨਡਾ ਰਹਿ ਰਹੀ ਹੈ। ਸੰਪਰਕ: 1 604 902 2632 ***290***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 1 587 433 9400
ਅਤੇ 1 825 982 1700


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**
**@403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000


# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਪ੍ਰੈਲ ਮਹੀਨੇ ਦੀ ਮਿਲਣੀ ਮੌਕੇ ਵਿਸਾਖੀ ਮਨਾਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਪ੍ਰੈਲ ਮਹੀਨੇ ਦੀ ਮੀਟਿੰਗ ਜੈਨੇਸਜ਼ ਸੈਂਟਰ ਵਿੱਚ 19 ਅਪ੍ਰੈਲ ਨੂੰ ਭੈਣਾਂ ਦੀ ਭਰਵੀਂ ਹਾਜ਼ਰੀ ਨਾਲ ਹੋਈ। ਗੁਰਦੀਸ਼ ਗਰੇਵਾਲ ਨੇ 1699 ਨੂੰ ਵਿਸਾਖੀ ਵਾਲੇ ਦਿਨ ਖਾਲਸਾ ਸਾਜਨਾ ਦਿਵਸ ਦੀ ਸਥਾਪਨਾ ਨੂੰ ਬਿਆਨਦੇ ਹੋਏ, ਅਪ੍ਰੈਲ ਮਹੀਨੇ ਦੇ ਵਿਸ਼ੇਸ਼ ਦਿਨ ਜਿਵੇਂ ਧਰਤੀ ਦਿਵਸ, ਅੰਤਰ-ਰਾਸ਼ਟਰੀ ਕਿਤਾਬ ਦਿਵਸ ਅਤੇ ਭਾਰਤ ਦੇ ਸੰਵਿਧਾਨ ਦੇ ਘਾੜੇ ਡਾ: ਅੰਬੇਦਕਰ ਦੇ ਜਨਮ ਦਿਵਸ ਬਾਰੇ ਚਾਨਣਾ ਪਾਇਆ ਅਤੇ ਆਪਣੀ ਰਚਨਾ ਦੀ ਸਾਂਝ ਪਾਈ। ਵਾਈ ਵਾਈ ਸੀ ਹੋਮ ਕੇਅਰ ਤੋਂ ਗੁਰਪ੍ਰੀਤ ਕੌਰ ਨੇ ਹੋਮ ਕੇਅਰ ਸਰਵਿਸਜ਼ ਦੀ ਜਾਣਕਾਰੀ ਦਿੱਤੀ। ਕੁਲਵੰਤ ਕੌਰ ਗਿੱਲ ਨੇ ਵਿਸਾਖੀ ਦੇ ਇਤਿਹਾਸਕ ਦਿਹਾੜੇ ਦੀ ਮਹੱਤਤਾ ਦਰਸਾਈ। ਸ਼ਵਿੰਦਰ ਭੈਣ ਜੀ ਨੇ 'ਇੱਕ ਵਿਚਾਰ ਬਦਲਣ ਨਾਲ ਜ਼ਿੰਦਗੀ ਬਦਲ ਜਾਂਦੀ ਹੈ, ਤੇ ਅਧਾਰਿਤ ਲਘੂ ਕਥਾ ਨਾਲ ਸਾਂਝ ਪਾਈ। ਵੀਰਪਾਲ ਕੌਰ ਨੇ ਜ਼ਿੰਦਗੀ ਵਿੱਚ ਧਾਰਮਿਕ ਆਸਥਾ ਅਤੇ ਧਰਮ ਅਨੁਸਾਰ ਜੀਵਨ-ਜਾਚ ਬਾਰੇ ਸਾਂਝ ਪਾਈ। ਜਸਪਾਲ ਕੌਰ ਜੀ ਨੇ ਮੌਸਮੀ ਤਿਉਹਾਰ ਵਿਸਾਖੀ ਬਾਰੇ ਚਾਨਣਾ ਪਾਇਆ ਅਤੇ ਕਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਮਹੀਨੇ ਵਜੋਂ ਮਨਾਏ ਜਾਣ ਬਾਰੇ ਵਿਚਾਰ ਸਾਂਝੇ ਕੀਤੇ। ਸਰਬਜੀਤ ਉੱਪਲ ਨੇ ਗੀਤ, ਚਰਨਜੀਤ ਕੌਰ ਨੇ ਭੈਣ-ਭਰਾ ਦੇ ਪਿਆਰ ਦੀ ਕਵਿਤਾ, ਚਰਨਦੀਪ ਕੌਰ ਨੇ ਖਾਲਸੇ ਦੀ ਚੜ੍ਹਦੀ ਕਲਾ ਦੀ ਰਚਨਾ ਅਤੇ ਬਲਬੀਰ ਗਰੇਵਾਲ ਨੇ ਬੁਲੰਦ ਆਵਾਜ਼ ਵਿੱਚ ਗੀਤ ਪੇਸ਼ ਕੀਤਾ।



ਸੁਰਿੰਦਰਪਾਲ ਕੈਂਥ ਨੇ ਆਨੰਦਪੁਰ ਕਿਲ੍ਹਾ ਛਡੱਣ ਤੋਂ ਬਾਦ ਖਾਲਸੇ ਨੂੰ ਦਰਪੇਸ਼ ਮੁਸੀਬਤਾਂ ਨੂੰ ਗੀਤ ਰਾਹੀਂ ਪੇਸ਼ ਕੀਤਾ। ਗੁਰਬਾਣੀ ਦੀ ਆਪਣੀ ਲਿਖੀ ਭਾਵਪੂਰਤ ਰਚਨਾ ਨੇ ਵਾਹ ਵਾਹ ਖੱਟੀ। ਅਮਰਜੀਤ ਸੱਗੂ, ਤੇ ਹਰਜੀਤ ਜੌਹਲ ਨੇ ਪੰਜਾਬੀ ਬੋਲੀਆਂ ਨਾਲ ਰੌਣਕ ਲਾਈ। ਮਨਿੰਦਰ ਕੌਰ ਚਾਨੇ ਨੇ ਸਭਾ ਦੀ ਕਾਰਵਈ ਦੀਆਂ ਫੋਟੋਆਂ ਖਿੱਚਣ ਦੀ ਜ਼ਿੰਮੇਵਾਰੀ ਸੰਭਾਲੀ। ਫੂਡ ਕਮੇਟੀ ਦੀਆਂ ਮੈਂਬਰਾਂ ਨੇ ਰੀਝ ਨਾਲ ਸੈਂਡਿਵੱਚ ਬਣਾਏ ਅਤੇ ਗਰਮ ਗਰਮ ਚਾਹ ਨਾਲ ਸਭ ਨੂੰ ਵਰਤਾਏ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਬਿੱਲ ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਬਣਿਆ ਕਾਨੂੰਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਹਿਗੁਰੂ ਅਤੇ ਸੰਗਤ ਦਾ ਕੀਤਾ ਧੰਨਵਾਦ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਐਲਾਨ ਕੀਤਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਬਿੱਲ ਹੁਣ ਰਾਜਪਾਲ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਅਧਿਕਾਰਤ ਤੌਰ 'ਤੇ ਕਾਨੂੰਨ ਬਣ ਗਿਆ ਹੈ। ਇਹ ਪਵਿੱਤਰ ਗ੍ਰੰਥ ਦੀ ਮਰਿਆਦਾ ਦੀ ਰਾਖੀ ਲਈ ਇੱਕ ਮਹੱਤਵਪੂਰਨ ਵਿਧਾਨਕ ਕਦਮ ਹੈ।

ਐਕਸ 'ਤੇ ਇੱਕ ਪੋਸਟ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਵਿਧਾਨ ਸਭਾ ਵਿੱਚ ਪਾਸ ਕੀਤੇ ਬਿੱਲ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦਸਤਖਤ ਕਰ ਦਿੱਤੇ ਹਨ। ਹੁਣ ਇਹ ਬਿੱਲ ਕਾਨੂੰਨ ਬਣ ਗਿਆ ਹੈ। ਮੈਂ ਵਾਹਿਗੁਰੂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਇਸ ਨਿਮਾਣੇ ਸੇਵਕ ਨੂੰ ਅਜਿਹੀ ਸੇਵਾ ਬਖਸ਼ੀ। ਸਮੁੱਚੀ ਸੰਗਤ ਦਾ ਤਹਿ ਦਿਲੋਂ ਧੰਨਵਾਦ।ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਵਿਕਾਸ ਨੂੰ ਸਾਰਿਆਂ ਲਈ ਬੇਹੱਦ ਸ਼ੁਭ ਅਤੇ ਇਤਿਹਾਸਕ ਪਲ ਕਰਾਰ ਦਿੱਤਾ। ਉਨ੍ਹਾਂ ਕਿਹਾ, ਇਹ ਸਾਰਿਆਂ ਲਈ ਬਹੁਤ ਹੀ ਸ਼ੁਭ ਅਤੇ ਇਤਿਹਾਸਕ ਪਲ ਹੈ। ਵਿਸਾਖੀ ਦੇ ਮੌਕੇ 'ਤੇ 13 ਅਪ੍ਰੈਲ ਨੂੰ ਪਾਸ ਕੀਤਾ ਗਿਆ ਬਿੱਲ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ, 2026 ਵਜੋਂ ਲਾਗੂ ਹੋ ਗਿਆ ਹੈ। ਮੈਂ ਨਾ ਸਿਰਫ਼ ਸਿੱਖਾਂ ਨੂੰ, ਸਗੋਂ ਉਨ੍ਹਾਂ ਸਾਰੇ ਧਰਮਾਂ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਰੱਖਦੇ ਹਨ, ਕਿਉਂਕਿ ਇਹ ਕਾਨੂੰਨ ਕਰੋੜਾਂ ਲੋਕਾਂ ਦੇ ਸਾਂਝੇ ਵਿਸ਼ਵਾਸ ਅਤੇ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ।

ਕੈਬਨਿਟ ਮੰਤਰੀ ਬਲਜੀਤ ਕੌਰ ਨੇ ਕਿਹਾ, "ਇਹ ਇੱਕ ਭਾਗਾਂ ਵਾਲਾ ਅਤੇ ਇਤਿਹਾਸਕ ਦਿਨ ਹੈ। ਇਹ ਕਾਨੂੰਨ ਉਨ੍ਹਾਂ ਲੋਕਾਂ ਵਿਰੁੱਧ ਇੱਕ ਸਖ਼ਤ ਰੋਕ ਵਜੋਂ ਕੰਮ ਕਰੇਗਾ ਜੋ ਸਮਾਜ ਵਿੱਚ ਵੰਡ ਪਾਉਣ ਦੇ ਇਰਾਦੇ ਨਾਲ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਸਨ। ਮਾਨ ਸਰਕਾਰ ਨੇ ਉਹ ਕਰ ਦਿਖਾਇਆ ਹੈ ਜੋ ਪਿਛਲੀਆਂ ਸਰਕਾਰਾਂ ਪੰਥਕ ਕਦਰਾਂ-ਕੀਮਤਾਂ ਦੇ ਰਾਖੇ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਵੀ ਹਾਸਲ ਕਰਨ ਵਿੱਚ ਅਸਫਲ ਰਹੀਆਂ ਸਨ। ਇਹ ਕਾਨੂੰਨ ਸਖ਼ਤ ਸਜ਼ਾ ਯਕੀਨੀ ਬਣਾਏਗਾ ਅਤੇ ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਰੋਕ ਕੇ ਫਿਰਕੂ ਸਦਭਾਵਨਾ ਨੂੰ ਉਤਸ਼ਾਹਿਤ ਕਰੇਗਾ।"



ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ, "ਪੰਜਾਬ ਲਈ ਇਹ ਇੱਕ ਇਤਿਹਾਸਕ ਦਿਨ ਹੈ। ਵਿਧਾਨ ਸਭਾ ਵਿੱਚ ਇਹ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਅਤੇ ਹੁਣ ਇਸ ਨੂੰ ਰਾਜਪਾਲ ਦੀ ਮਨਜ਼ੂਰੀ ਮਿਲ ਗਈ ਹੈ। ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਲੇਰੀ ਅਤੇ ਇਮਾਨਦਾਰੀ ਨਾਲ ਇਹ ਬਿੱਲ ਪੇਸ਼ ਕਰਨ ਦਾ ਸਿਹਰਾ ਦਿੰਦਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਕਾਨੂੰਨ ਦੀਆਂ ਸਖ਼ਤ ਵਿਵਸਥਾਵਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕ ਦੇਣਗੀਆਂ, ਕਿਉਂਕਿ ਦੋਸ਼ੀ ਹੁਣ ਅਜਿਹੀ ਹਰਕਤ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਗੇ।"

ਐਮਪੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ, ÷ਇਹ ਕਾਨੂੰਨ ਬੇਅਦਬੀ ਵਿਰੁੱਧ ਸਖ਼ਤ ਸਜ਼ਾ ਦੀ ਦੁਨੀਆ ਭਰ ਦੇ ਸਿੱਖਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਅਜਿਹੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਵਿੱਚ ਡਰ ਪੈਦਾ ਕਰੇਗਾ ਅਤੇ ਇਨਸਾਫ਼ ਯਕੀਨੀ ਬਣਾਏਗਾ। ਮੈਂ ਵਾਹਿਗੁਰੂ ਅਤੇ ਮਾਨ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਇੱਕ ਮਜ਼ਬੂਤ ਕਾਨੂੰਨੀ ਢਾਂਚੇ ਵਿੱਚ ਬਦਲਿਆ ਹੈ।"

'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਨੂੰ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਦੱਸਦਿਆਂ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ, "ਇਹ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲਾ ਪਲ ਹੈ। ਇਹ ਕਾਨੂੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਹਤਰ ਸੁਰੱਖਿਆ ਯਕੀਨੀ ਬਣਾਏਗਾ। ਮੈਂ ਦੁਨੀਆ ਭਰ ਦੀ ਸਿੱਖ ਸੰਗਤ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਨੂੰ ਸੰਭਵ ਬਣਾਉਣ ਲਈ ਮੁੱਖ ਮੰਤਰੀ ਅਤੇ ਰਾਜਪਾਲ ਦਾ ਧੰਨਵਾਦ ਕਰਦਾ ਹਾਂ।" ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਇਹ ਸਪੱਸ਼ਟ ਸੰਦੇਸ਼ ਜਾਂਦਾ ਹੈ ਕਿ ਕਿਸੇ ਵੀ ਕੀਮਤ @ਤੇ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਧਾਰਮਿਕ ਸਦਭਾਵਨਾ ਦੀ ਰਾਖੀ ਕਰੇਗਾ ਅਤੇ ਸਾਰੇ ਪਵਿੱਤਰ ਗ੍ਰੰਥਾਂ ਦੀ ਮਰਿਆਦਾ ਨੂੰ ਬਹਾਲ ਰੱਖੇਗਾ।

ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਅੱਜ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਬੇਅਦਬੀ ਵਿਰੋਧੀ ਬਿੱਲ 'ਤੇ ਮਾਨਯੋਗ ਰਾਜਪਾਲ ਸਾਹਿਬ ਨੇ ਦਸਤਖਤ ਕਰ ਦਿੱਤੇ ਹਨ, ਜਿਸ ਨਾਲ ਇਹ ਬਿੱਲ ਹੁਣ ਕਾਨੂੰਨ ਦਾ ਰੂਪ ਧਾਰਨ ਕਰ ਗਿਆ ਹੈ। ਦੀਪਕ ਬਾਲੀ ਨੇ ਕਿਹਾ ਕਿ ਇਹ ਪੰਜਾਬ ਲਈ ਇਤਿਹਾਸਿਕ ਦਿਨ ਹੈ ਅਤੇ ਇਹ ਕਾਨੂੰਨ ਸਾਡੀਆਂ ਧਾਰਮਿਕ ਭਾਵਨਾਵਾਂ ਅਤੇ ਗੁਰੂ ਸਾਹਿਬਾਨ ਦੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿੱਚ ਇੱਕ ਵੱਡਾ ਬਦਲਾਅ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਵੀ ਤਰੀਕੇ ਨਾਲ ਬੇਅਦਬੀ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਪੰਥ ਦੇ ਨਾਂ 'ਤੇ ਵੋਟਾਂ ਲੈ ਕੇ ਅਤੇ ਸਰਕਾਰਾਂ ਬਣਾ ਕੇ ਕਿਸੇ ਵੀ ਅਖੌਤੀ ਪੰਥਕ ਪਾਰਟੀ ਨੇ ਇਸ ਤਰ੍ਹਾਂ ਦਾ ਕਾਨੂੰਨ ਕਦੇ ਨਹੀਂ ਘੜਿਆ। ਆਮ ਆਦਮੀ ਪਾਰਟੀ ਨੇ ਇਹ ਸਾਬਿਤ ਕੀਤਾ ਹੈ ਕਿ ਉਹ ਗੁਰੂ ਸਾਹਿਬਾਨ ਦੀ ਸ਼ਾਨ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਤੋਂ ਨਹੀਂ ਝਿਜਕਦੀ। ਅੰਤ ਵਿੱਚ ਉਨ੍ਹਾਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ।

# ਸਖ਼ਤ ਕਾਨੂੰਨ ਬਨਣ ਕਰਕੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਦੌਰ ਖ਼ਤਮ ਹੋਇਆ : ਹਰਪਾਲ ਸਿੰਘ ਚੀਮਾ



ਪਟਿਆਲਾ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਵਿਧਾਨ ਸਭਾ 'ਚ ਸਰਵਸੰਮਤੀ ਨਾਲ ਪਾਸ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026 ਨੂੰ ਰਾਜਪਾਲ ਵੱਲੋਂ ਮਨਜ਼ੂਰੀ ਮਿਲਣ ਬਾਅਦ ਹੁਣ ਕੋਈ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਸੋਚ ਵੀ ਨਹੀਂ ਸਕੇਗਾ। ਉਨ੍ਹਾਂ ਕਿਹਾ ਕਿ ਨਵੇਂ ਸਖ਼ਤ ਕਾਨੂੰਨ ਮੁਤਾਬਕ ਬੇਅਦਬੀ ਕਰਨ ਵਾਲੇ ਨੂੰ ਉਮਰ ਕੈਦ ਤੇ 25 ਲੱਖ ਰੁਪਏ ਤੱਕ ਦਾ ਜ਼ੁਰਮਾਨਾ ਕੀਤਾ ਜਾਵੇਗਾ, ਇਸ ਲਈ ਹੁਣ ਬੇਅਦਬੀਆਂ ਦਾ ਦੌਰ ਖ਼ਤਮ ਹੋ ਗਿਆ ਹੈ।

ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਵਿਖੇ ਇੱਕ ਸਮਾਰੋਹ ਦੌਰਾਨ ਬੋਲਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਅੰਦਰ ਪੰਥ ਦੇ ਨਾਮ 'ਤੇ ਸਰਕਾਰਾਂ ਬਣਾਉਣ ਵਾਲਿਆਂ ਦੇ ਇਕਲੌਤੇ ਵਿਧਾਇਕ ਨੇ 13 ਅਪ੍ਰੈਲ ਨੂੰ ਵਿਧਾਨ ਸਭਾ ਚੋਂ ਗ਼ੈਰਹਾਜ਼ਰ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਨੂੰ ਆਪਣੀ ਸਹਿਮਤੀ ਵੀ ਨਹੀਂ ਦਿੱਤੀ, ਜਿਸ ਲਈ ਲੋਕਾਂ ਨੂੰ ਇਸ ਬਾਰੇ ਸੋਚਣਾ ਪਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਜਿਹੜੀ ਪਾਰਟੀ ਨੇ ਪੰਥ ਦੇ ਨਾਮ 'ਤੇ ਪੰਜਾਬ 'ਚ ਰਾਜ ਕੀਤਾ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਵੀ ਉਨ੍ਹਾਂ ਦੇ ਰਾਜ ਸਮੇਂ ਹੀ ਹੋਈਆਂ।ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ 1986 'ਚ ਪੰਥ ਦੇ ਨਾਮ 'ਤੇ ਬਣੀ ਸਰਕਾਰ ਦੇ ਸਮੇਂ ਹੋਈ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਸਾਹਿਬ ਨਕੋਦਰ ਵਿਖੇ ਬੇਅਦਬੀ ਕਾਂਡ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਸਮੇਂ 5 ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਹੋਈ ਤੇ ਇਨਸਾਫ ਮੰਗਣ ਲਈ ਇਕੱਠੇ ਹੋਏ ਲੋਕਾਂ 'ਤੇ ਗੋਲੀ ਚੱਲੀ ਜਿਸ ਕਰਕੇ ਚਾਰ ਨੌਜਵਾਨਾਂ ਮਾਰੇ ਗਏ ਸਨ। ਉਨ੍ਹਾਂ ਅਫ਼ਸੋਸ ਨਾਲ ਕਿਹਾ ਕਿ ਇਸ ਦੀ ਜਾਂਚ ਲਈ ਬਣੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਵਾਲੀ ਐਕਸ਼ਨ ਟੇਕਨ ਰਿਪੋਰਟ ਹੀ ਗੁੰਮ ਕਰ ਦਿੱਤੀ ਗਈ।ਹਰਪਾਲ ਸਿੰਘ ਚੀਮਾ ਨੇ ਬਿਨ੍ਹਾਂ ਕਿਸੇ ਦਾ ਨਾਮ ਲਏ ਕਿਹਾ ਕਿ ਉਸੇ ਪਾਰਟੀ ਨੇ ਇਸ ਬੇਅਦਬੀ ਸਮੇਂ ਤਾਇਨਾਤ ਅਫ਼ਸਰਾਂ ਨੂੰ ਟਿੱਕਟਾਂ ਦੇ ਕੇ ਨਿਵਾਜਿਆ ਅਤੇ ਫੇਰ 2015 'ਚ ਵੀ ਨਕੋਦਰ ਤਰਜ 'ਤੇ ਦੁਬਾਰਾ ਬਰਗਾੜੀ ਤੇ ਬਹਿਬਲ ਕਲਾਂ ਬੇਅਦਬੀ ਤੇ ਗੋਲੀ ਕਾਂਡ ਵਾਪਰੇ ਪਰੰਤੂ ਕੋਈ ਇਨਸਾਫ਼ ਨਹੀਂ ਮਿਲਿਆ ਸੀ।ਵਿੱਤ ਮੰਤਰੀ ਨੇ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਯਤਨਾਂ ਸਦਕਾ ਉਸ ਗੋਲੀ ਤੇ ਬੇਅਦਬੀ ਕਾਂਡ ਦਾ ਚਲਾਨ ਕੋਰਟ ਵਿੱਚ ਪੇਸ਼ ਕੀਤਾ ਗਿਆ ਅਤੇ ਉਸ ਸਮੇਂ ਦੇ ਮੁੱਖ ਮੰਤਰੀ, ਡਿਪਟੀ ਮੁੱਖ ਮੰਤਰੀ ਅਤੇ ਡੀ.ਜੀ.ਪੀ. ਰਹੇ ਵਿਅਕਤੀਆਂ ਨੂੰ ਆਪਣੀ ਜਮਾਨਤ ਕਰਵਾਉਣੀ ਪਈ ਹੈ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਦੋਸ਼ ਵਿੱਚ ਹੀ ਸ੍ਰੀ ਅਕਾਲ ਤਖ਼ਤ ਵਲੋਂ ਮਿਲਿਆ ਫ਼ਖ਼ਰ-ਏ-ਕੌਮ ਦਾ ਅਵਾਰਡ ਵੀ ਇਨ੍ਹਾਂ ਕੋਲੋਂ ਵਾਪਸ ਲਿਆ ਗਿਆ ਸੀ।ਇਸ ਮੌਕੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਅਮਰੀਕ ਸਿੰਘ ਬੰਗੜ, ਅਮਿਤ ਡਾਬੀ, ਕਰਨਲ ਜੇ.ਵੀ, ਜਸਵੀਰ ਸਿੰਘ ਗਾਂਧੀ ਵੀ ਮੌਜੂਦ ਸਨ।

# ਕਬੱਡੀ ਤੋਂ ਬਾਅਦ ਹੁਣ ਕੈਨੇਡਾ ਵਿੱਚ ਪੰਜਾਬੀ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਕ੍ਰਿਕਟ ਮੈਚ ਫਿਕਸਿੰਗ



ਚੰਡੀਗੜ੍ਹ, ਕਬੱਡੀ ਵਿੱਚ ਕਥਿਤ ਡੂੰਘੀ ਸ਼ਮੂਲੀਅਤ ਤੋਂ ਬਾਅਦ, ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਗੈਂਗਸਟਰਾਂ ਨੇ ਹੁਣ ਆਪਣਾ ਧਿਆਨ ਕ੍ਰਿਕਟ ਵੱਲ ਮੋੜ ਲਿਆ ਹੈ। 323 ਦੇ 'ਦਿ ਫਿਫਥ ਸਟੇਟ' ਦੀ ਇੱਕ ਵੱਡੀ ਜਾਂਚ ਅਨੁਸਾਰ ਕੈਨੇਡੀਅਨ ਕ੍ਰਿਕਟ ਵਿੱਚ ਧਮਕੀਆਂ ਡਰਾਉਣ-ਧਮਕਾਉਣ ਅਤੇ ਮੈਚ ਫਿਕਸਿੰਗ ਦੇ ਗੰਭੀਰ ਦੋਸ਼ ਸਾਹਮਣੇ ਆਏ ਹਨ।ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਡਾਕੂਮੈਂਟਰੀ ਨੇ ਖੁਲਾਸਾ ਕੀਤਾ ਹੈ ਕਿ ਕਿਵੇਂ ਬਿਸ਼ਨੋਈ ਗੈਂਗ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਨੇ ਜੁਲਾਈ 2025 ਵਿੱਚ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਰਾਸ਼ਟਰੀ ਟੀਮ ਦੇ ਖਿਡਾਰੀਆਂ ਨੂੰ ਕਥਿਤ ਤੌਰ 'ਤੇ ਧਮਕਾਇਆ ਸੀ। ਇਹ ਧਮਕੀਆਂ ਭਾਰਤੀ ਮੂਲ ਦੇ ਖਿਡਾਰੀ ਦਿਲਪ੍ਰੀਤ ਸਿੰਘ ਬਾਜਵਾ ਨੂੰ ਕਪਤਾਨ ਵਜੋਂ ਤੇਜ਼ੀ ਨਾਲ ਉਭਾਰਨ ਲਈ ਸਮਰਥਨ ਹਾਸਲ ਕਰਨ ਵਾਸਤੇ ਦਿੱਤੀਆਂ ਗਈਆਂ ਸਨ।ਦਿਲਪ੍ਰੀਤ ਬਾਜਵਾ, ਜੋ ਮੂਲ ਰੂਪ ਵਿੱਚ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਦਾ ਰਹਿਣ ਵਾਲਾ ਹੈ ਅਤੇ 41੭ ਸੈਂਟੇਨਰੀ ਸਕੂਲ ਦਾ ਸਾਬਕਾ ਵਿਦਿਆਰਥੀ ਹੈ, 2020 ਵਿੱਚ ਕੈਨੇਡਾ ਗਿਆ ਸੀ। ਉਸ ਨੂੰ 2026 ਦੇ ਟੀ-20 ਵਿਸ਼ਵ ਕੱਪ ਤੋਂ ਕੁਝ ਹਫ਼ਤੇ ਪਹਿਲਾਂ ਕਪਤਾਨ ਨਿਯੁਕਤ ਕੀਤਾ ਗਿਆ ਸੀ, ਜਿਸ ਫੈਸਲੇ ਨੇ ਚੋਣਕਾਰਾਂ, ਕੋਚ ਅਤੇ ਸੀਨੀਅਰ ਖਿਡਾਰੀਆਂ ਨੂੰ ਹੈਰਾਨ ਕਰ ਦਿੱਤਾ ਸੀ।

# ਵਿਸ਼ਵ ਐਥਲੈਟਿਕਸ ਨੇ ਭਾਰਤ ਨੂੰ ਡੋਪਿੰਗ ਵਿੱਚ 'ਬੇਹੱਦ ਜੋਖਮ' ਵਾਲੀ ਸ਼੍ਰੇਣੀ ਵਿੱਚ ਰੱਖਿਆ

ਮੋਨਾਕੋ (ਪੰਜਾਬੀ ਅਖਬਾਰ ਬਿਊਰੋ)- ਪਿਛਲੇ ਦੋ ਸਾਲਾਂ ਤੋਂ ਡੋਪਿੰਗ ਦੇ ਮਾਮਲਿਆਂ ਵਿੱਚ ਸਿਖਰ 'ਤੇ ਰਹਿਣ ਤੋਂ ਬਾਅਦ, ਵਿਸ਼ਵ ਐਥਲੈਟਿਕਸ ਨੇ ਭਾਰਤ ਨੂੰ ਡੋਪਿੰਗ ਦੇ ਮਾਮਲੇ ਵਿੱਚ ਬੇਹੱਦ ਜੋਖਮ ਵਾਲਾ ਦੇਸ਼ ਕਰਾਰ ਦਿੱਤਾ ਹੈ। ਇਸ ਫੈਸਲੇ ਨਾਲ ਹੁਣ ਐਥਲੀਟਾਂ 'ਤੇ ਵਧੇਰੇ ਸਖ਼ਤ ਡੋਪਿੰਗ ਰੋਧੀ ਨਿਯਮ ਲਾਗੂ ਹੋਣਗੇ। ਐਥਲੈਟਿਕਸ ਇੰਟੀਗ੍ਰਿਟੀ ਯੂਨਿਟ (ਏ.ਆਈ.ਯੂ.) ਬੋਰਡ ਨੇ ਹਾਲ ਹੀ ਵਿੱਚ ਲਏ ਇੱਕ ਫੈਸਲੇ ਵਿੱਚ ਭਾਰਤੀ ਐਥਲੈਟਿਕਸ ਮਹਾਸੰਘ (ਏ.ਐਫ.ਆਈ.) ਨੂੰ ਵਿਸ਼ਵ ਐਥਲੈਟਿਕਸ ਦੇ ਡੋਪਿੰਗ ਰੋਧੀ ਨਿਯਮਾਂ ਦੇ ਨਿਯਮ 15 ਤਹਿਤ 'ਸ਼੍ਰੇਣੀ ਬੀ' ਤੋਂ ਹਟਾ ਕੇ ਮੁੜ 'ਸ਼੍ਰੇਣੀ ਏ' ਵਿੱਚ ਰੱਖ ਦਿੱਤਾ ਹੈ। ਏ.ਆਈ.ਯੂ. ਦੇ ਪ੍ਰਧਾਨ ਡੇਵਿਡ ਹੌਮਨ ਨੇ ਇੱਕ ਬਿਆਨ ਵਿੱਚ ਕਿਹਾ,"ਭਾਰਤ ਵਿੱਚ ਡੋਪਿੰਗ ਦੀ ਸਥਿਤੀ ਲੰਬੇ ਸਮੇਂ ਤੋਂ ਬੇਹੱਦ ਜੋਖਮ ਵਾਲੀ ਰਹੀ ਹੈ ਅਤੇ ਬਦਕਿਸਮਤੀ ਨਾਲ ਘਰੇਲੂ ਡੋਪਿੰਗ ਰੋਧੀ ਪ੍ਰੋਗਰਾਮ ਦੀ ਗੁਣਵੱਤਾ, ਡੋਪਿੰਗ ਦੇ ਜੋਖਮ ਦੇ ਅਨੁਪਾਤ ਵਿੱਚ ਬਿਲਕੁਲ ਵੀ ਨਹੀਂ ਹੈ। ਉਨ੍ਹਾਂ ਕਿਹਾ,"ਹਾਲਾਂਕਿ ਏ.ਐਫ.ਆਈ. ਨੇ ਭਾਰਤ ਵਿੱਚ ਡੋਪਿੰਗ ਸੁਧਾਰਾਂ ਦੀ ਵਕਾਲਤ ਕੀਤੀ ਹੈ, ਪਰ ਇਸ ਦੇ ਬਾਵਜੂਦ ਲੋੜੀਂਦੇ ਬਦਲਾਅ ਨਹੀਂ ਹੋਏ ਹਨ। ਏ.ਆਈ.ਯੂ. ਹੁਣ ਏ.ਐਫ.ਆਈ. ਨਾਲ ਮਿਲ ਕੇ ਐਥਲੈਟਿਕਸ ਖੇਡ ਦੀ ਇਮਾਨਦਾਰੀ ਨੂੰ ਬਣਾਈ ਰੱਖਣ ਲਈ ਸੁਧਾਰਾਂ ਦੀ ਦਿਸ਼ਾ ਵਿੱਚ ਕੰਮ ਕਰੇਗਾ, ਜਿਵੇਂ ਕਿ ਅਸੀਂ 'ਸ਼੍ਰੇਣੀ ਏ' ਵਿੱਚ ਸ਼ਾਮਲ ਹੋਰ ਦੇਸ਼ਾਂ ਨਾਲ ਕੀਤਾ ਹੈ।"

ਭਾਰਤ 2022 ਅਤੇ 2025 ਦੇ ਵਿਚਕਾਰ ਐਥਲੈਟਿਕਸ ਵਿੱਚ ਡੋਪਿੰਗ ਰੋਧੀ ਨਿਯਮਾਂ ਦੀ ਉਲੰਘਣਾ (ਏ.ਡੀ.ਆਰ.ਵੀ.) ਦੇ ਮਾਮਲੇ ਵਿੱਚ ਦੁਨੀਆ ਦੇ ਚੋਟੀ ਦੇ ਦੋ ਦੇਸ਼ਾਂ ਵਿੱਚ ਸ਼ਾਮਲ ਰਿਹਾ ਹੈ। ਏ.ਆਈ.ਯੂ. ਦੇ ਅਨੁਸਾਰ ਭਾਰਤ ਵਿੱਚ 2022 ਵਿੱਚ 48 ਏ.ਡੀ.ਆਰ.ਵੀ. (ਦੂਜਾ ਸਥਾਨ), 2023 ਵਿੱਚ 63 (ਦੂਜਾ ਸਥਾਨ), 2024 ਵਿੱਚ 71 (ਪਹਿਲਾ ਸਥਾਨ) ਅਤੇ 2025 ਵਿੱਚ 30 ਏ.ਡੀ.ਆਰ.ਵੀ. (ਪਹਿਲਾ ਸਥਾਨ) ਦਰਜ ਕੀਤੇ ਗਏ। ਵਿਸ਼ਵ ਐਥਲੈਟਿਕਸ ਡੋਪਿੰਗ ਰੋਧੀ ਨਿਯਮਾਂ ਦੇ ਤਹਿਤ ਏ.ਆਈ.ਯੂ. ਬੋਰਡ ਸਾਰੇ ਮੈਂਬਰ ਦੇਸ਼ਾਂ ਨੂੰ ਖੇਡ ਵਿੱਚ ਡੋਪਿੰਗ ਦੇ ਜੋਖਮ ਦੇ ਆਧਾਰ 'ਤੇ ਵੰਡਦਾ ਹੈ। 'ਸ਼੍ਰੇਣੀ ਏ' ਵਿੱਚ ਉਨ੍ਹਾਂ ਮੈਂਬਰ ਦੇਸ਼ਾਂ ਨੂੰ ਰੱਖਿਆ ਜਾਂਦਾ ਹੈ ਜਿੱਥੇ ਡੋਪਿੰਗ ਦਾ ਜੋਖਮ ਸਭ ਤੋਂ ਵੱਧ ਹੁੰਦਾ ਹੈ। ਇਨ੍ਹਾਂ ਦੇਸ਼ਾਂ ਪ੍ਰਤੀ ਡੋਪਿੰਗ ਦੇ ਮਾਮਲੇ ਵਿੱਚ ਵਧੇਰੇ ਸਖ਼ਤ ਰਵੱਈਆ ਅਪਣਾਇਆ ਜਾਂਦਾ ਹੈ। 'ਸ਼੍ਰੇਣੀ ਬੀ' ਦੇ ਮੈਂਬਰ ਦੇਸ਼ਾਂ ਵਿੱਚ ਡੋਪਿੰਗ ਦਾ ਜੋਖਮ ਦਰਮਿਆਨੇ ਪੱਧਰ ਦਾ ਹੁੰਦਾ ਹੈ, ਜਦਕਿ 'ਸ਼੍ਰੇਣੀ ਸੀ' ਵਿੱਚ ਸ਼ਾਮਲ ਦੇਸ਼ਾਂ ਵਿੱਚ ਡੋਪਿੰਗ ਦਾ ਜੋਖਮ ਘੱਟ ਹੁੰਦਾ ਹੈ। ਏ.ਆਈ.ਯੂ. ਦੀ ਹਾਲ ਹੀ ਵਿੱਚ ਜਾਰੀ ਕੀਤੀ ਗਈ ਸੂਚੀ ਵਿੱਚ, ਡੋਪਿੰਗ ਵਿੱਚ ਦੋਸ਼ੀ ਪਾਏ ਗਏ ਵਿਅਕਤੀਆਂ ਦੀ ਸੂਚੀ ਵਿੱਚ ਭਾਰਤ ਨੇ ਕੀਨੀਆ ਨੂੰ ਪਿੱਛੇ ਛੱਡ ਕੇ ਪਹਿਲਾ ਸਥਾਨ ਹਾਸਲ ਕਰ ਲਿਆ ਸੀ। ਭਾਰਤ ਦੇ 148 ਐਥਲੀਟ ਅਤੇ ਸਹਿਯੋਗੀ ਸਟਾਫ ਮੈਂਬਰ ਇਸ ਕਾਰਨ ਮੁਅੱਤਲ ਕੀਤੇ ਗਏ ਹਨ।




# ਥਾਂਦੀ ਦੇ ਗੀਤ ਨਵੀਂ ਪੀੜ੍ਹੀ ਦੇ ਅੰਗ ਸੰਗ ਤੁਰਦੇ ਰਹਿਣਗੇ

ਗਾਇਕ, ਗੀਤਕਾਰ, ਲਿਖਾਰੀ, ਸਾਹਿਤਕਾਰ, ਦੇਸ਼ ਕੌਮ ਦਾ ਸਰਮਾਇਆ ਹੁੰਦੇ ਨੇ। ਗੀਤ ਆਵਾਮ ਦਾ ਆਇਨਾ ਹੁੰਦੇ ਨੇ।ਬਹੁਤ ਥੋੜ੍ਹੇ ਗੀਤਕਾਰ ਅਜਿਹੇ ਹੁੰਦੇ ਨੇ ਜਿਹਨਾਂ ਦੇ ਗੀਤਾਂ ਦਾ ਆਧਾਰ ਯਥਾਰਥ ਹੁੰਦੈ। ਜੋ ਗੀਤ ਯਥਾਰਥ ਤੇ ਅਧਾਰਿਤ ਹੁੰਦੇ ਨੇ ਉਹ ਲੋਕ-ਮਨਾਂ ਤੇ ਰਾਜ ਕਰਦੇ ਨੇ, ਪਿਛਲੇ ਦਸ ਕੁ ਵਰ੍ਹਿਆਂ ਤੋਂ ਕੁੱਝ ਗੀਤ ਆਹ ਸੋਸ਼ਲ ਮੀਡੀਏ ਰਾਹੀਂ ਤੂਤੜੇ ਦੀ ਧੂਣੀ ਵਾਂਗੂੰ ਧੁਖ ਰਹੇ ਨੇ, ਉਹ ਅੱਗ ਦਾ ਭੰਬੂਕਾ ਨਹੀਂ ਬਣੇ। ਮੈਨੂੰ ਉਮੀਦ ਐ ਕਿ ਉਹ ਅੱਗ ਦਾ ਭੰਬੂਕਾ ਤੇ ਕਦੇ ਵੀ ਨਹੀਂ ਬਨਣਗੇ ਹਾਂ ਅੰਗਿਆਰਾਂ ਵਾਂਗੂੰ ਜ਼ਰੂਰ ਦਗਣਗੇ!

ਮੈਂ ਗੱਲ ਕਰ ਰਿਹਾ ਹਾਂ ਧਰਮਵੀਰ ਥਾਂਦੀ ਦੀ, ਧਰਮਵੀਰ ਥਾਂਦੀ ਆਪਣੀ ਕਿਸਮ ਦਾ ਗੀਤਕਾਰ ਤੇ ਗਾਇਕ ਹੈ। ਉਸ ਬਾਰੇ ਕਦੇ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਓਹ ਫਲਾਣੇ ਵਾਂਗੂੰ ਲਿਖਦੈ ਤੇ ਫਲਾਣੇ ਵਾਂਗੂੰ ਗਾਉਂਦੈ!

ਪਿਛਲੇ ਵਰ੍ਹਿਆਂ ਵਿੱਚ ਧਰਮਵੀਰ ਦਾ ਲਿਖੇ ਤੇ ਉਸੇ ਦੁਆਰਾ ਮਹਿਫ਼ਿਲਾਂ ਵਿਚ ਗਾਏ ਗੀਤ 'ਬਾਪੂ' ਨੇ ਪੰਜਾਬੀ ਦੇ ਸਾਹਿਤਕ ਖੇਤਰ ਵਿੱਚ ਇੱਕ ਨਵੀਂ ਚਰਚਾ ਛੇੜੀ

*ਖੂਹ ਤੇ ਜਿਹੜਾ ਅੰਬ ਦਾ ਬੂਟਾ
ਬਾਪੂ ਨੇ ਹੱਥੀਂ ਲਾਇਆ
ਲੱਗਿਆ ਮੈਨੂੰ ਉਹਦੇ ਵਰਗਾ
ਭੱਜਕੇ ਮੈਂ ਜੱਫਾ ਪਾਇਆ
ਤੂੰ ਬਾਪੂ ਦਾ ਸਾਥ ਨਿਭਾਇਆ
ਰੁੱਤਾਂ ਜਦ ਤੱਤੀਆਂ ਸੀ
ਕਿੰਨੀਆਂ ਦੁਪਹਿਰਾਂ ਇੱਥੇ
ਬਾਪੂ ਨੇ ਕੱਟੀਆਂ ਸੀ*

*ਸਾਡੇ ਲਈ ਤਾਣੇ ਬੁਣਦਾ
ਦੁਨੀਆਂ ਤੋਂ ਤੁਰ ਗਿਆ ਬਾਪੂ
ਠੰਡਾ ਸੀ ਬਰਫ ਦੇ ਵਰਗਾ
ਛੇਤੀ ਹੀ ਖੁਰ ਗਿਆ ਬਾਪੂ
ਲੈ ਗਿਆ ਪੀੜਾਂ ਨਾਲੇ
ਪੁੱਛੀਆਂ ਨਾ ਦੱਸੀਆਂ ਸੀ*

ਧਰਮਵੀਰ ਸਮਾਜ ਲਈ ਸ਼ੀਸ਼ਾ ਬਣਕੇ ਅੱਜ ਦੀ ਪੀੜ੍ਹੀ ਨੂੰ ਹਲੂਣਦਾ ਹੋਇਆ ਸੁਆਲ ਕਰਦੈ ਕਿ

ਅਸੀਂ ਧੁੱਪਾਂ ਵਿੱਚ ਕੰਮ ਕਰਕੇ ਵੀ
ਤੇਰੇ ਸਾਰੇ ਸ਼ੌਕ ਪੁਗਾਉਂਦੇ ਰਹੇ
ਤੈਥੋਂ ਏ. ਸੀਆਂ. ਵਿੱਚ ਕੰਮ ਕਰਕੇ ਵੀ
ਸਾਡਾ ਕਿਉਂ ਨਾ ਦਰਦ ਵੰਡਾ ਹੋਇਆ
ਅਸੀਂ ਚਾਰ ਖਣਾਂ ਦੇ ਇੱਕ ਕਮਰੇ ਵਿੱਚ
ਪਲੰਘ ਡਾਹੇ ਤੇਰੇ ਸੌਣੇ ਲਈ
ਤੈਥੋਂ ਪੰਜ ਰੂਮਾਂ ਦੇ ਘਰ ਦੇ ਵਿੱਚ
ਸਾਡਾ ਇੱਕ ਮੰਜਾ ਨਾ ਡਾਹ ਹੋਇਆ

2017 ਦੀ ਅਮਰੀਕਾ ਫੇਰੀ ਵੇਲੇ ਮੇਰੀ ਧਰਮਵੀਰ ਥਾਂਦੀ ਨਾਲ ਮੁਲਾਕਾਤ ਹੋਈ ਉਸਦੇ ਨਾਲ ਉਸਦਾ ਨੇੜਲਾ ਮਿੱਤਰ ਗੁਲੂ ਬਰਾੜ ਸੀ ਆਥਣ ਦੇ ਵੇਲੇ ਗੈਰ ਰਸਮੀ ਤੇ ਨਿੱਜੀ ਬੈਠਕ ਵਿੱਚ ਜਦੋਂ ਧਰਮਵੀਰ ਨੇ ਇੱਕ ਗੀਤ ਛੋਹਿਆ ਤਾਂ ਇੱਕ ਚੁੱਪ ਆਲੇ ਦੁਆਲੇ ਪਸਰ ਗਈ ਉਸਦੇ ਬੋਲ ਸੁਣ ਸੁਣ ਕੇ ਮੇਰੇ ਸਰੀਰ ਦੇ ਰੋਮ ਹਰਕਤ ਵਿੱਚ ਆ ਗਏ ਮੈਂ ਸੋਚੀਂ ਪੈ ਗਿਆ ਕਿ ਪੰਜਾਬ ਤੇ ਪੰਜਾਬੀ ਦਾ ਐਨਾ ਫ਼ਿਕਰਮੰਦ ਸ਼ਾਇਰ

ਕੁੱਝ ਸਾਲਾਂ ਤੱਕ ਬੋਲੀ ਵਿੱਚੋਂ,
ਦਾਦੇ ਬਾਬੇ ਮੁੱਕ ਜਾਣੇ ਨੇ
ਗਰੈਂਡ ਫਾਦਰ ਜਾਂ ਵੱਡ੍ਹਾ ਡੈਡੀ
ਲੱਗ ਪਏ ਕਹਿਣ ਨਿਆਣੇ ਹੁਣ

ਪਿੰਡਾਂ ਦੀਆਂ ਰਸੋਈਆਂ 'ਚੋਂ ਹੀ
ਪੀਪੇ ਛਾਬੇ ਮੁੱਕ ਜਾਣੇ ਨੇ
ਬੰਦ ਪੈਕਿਟ ਖਾਣਿਆਂ ਦੇ ਆਗੇ
ਕੌਣ ਪਿਸਾਉਂਦਾ ਦਾਣੇ ਹੁਣ

ਰਹਿੰਦਾ ਸੀ ਜਿੱਥੇ ਮੇਲਾ ਲੱਗਿਆ
ਸੁੰਨੀ ਪਿੰਡ ਦੀ ਚੱਕੀ ਹੋਗੀ
ਕੇ ਐਫ ਸੀ, ਮੈਕ ਡੋਨਲ ਆਗੇ
ਕਹਿੰਦੇ ਬੜੀ ਤਰੱਕੀ ਹੋਗੀ

ਰੂਹ ਪੰਜਾਬ ਦੀ ਸੜਕਾਂ ਤੋਂ
ਮਿੱਤਰਾਂ ਦੇ ਢਾਬੇ ਮੁੱਕ ਜਾਣੇ ਨੇ
ਕੁੱਝ ਸਾਲਾਂ ਤੱਕ ਬੋਲੀ ਵਿੱਚੋਂ
ਦਾਦੇ ਬਾਬੇ ਮੁੱਕ ਜਾਣੇ ਨੇ

ਆਪਣਾ ਸਵੈ-ਮੰਥਨ ਕਰਦਾ ਹੋਇਆ, ਆਪਣੀ ਜ਼ਮੀਰ ਨੂੰ ਲਾਹਨਤ ਪਾਉਂਦੇ , ਜ਼ਮੀਰ ਨੂੰ ਸੁਆਲ ਕਰਦਾ ਧਰਮਵੀਰ ਲਿਖਦੈ

ਕਿੰਨਾ ਕੁ ਮੋਹ ਸੀ ਮਿੱਟੀ ਨਾਲ,
ਕਿੰਨਾ ਕੁ ਪਿਆਰ ਸੀ ਸਿੱਖੀ ਨਾਲ
ਅੱਜ ਜੀਹਦੇ ਲਈ ਤੜਪਾਂ ਮੈਂ,
ਉਹਨੂੰ ਪੱਕਾ ਦਿਲ ਚੋਂ ਕੱਢਣ ਦੀਆਂ
ਮੈਂ ਪਿੰਡ ਦੇ ਗੁਰੂਘਰ ਕਰੀਆਂ ਅਰਦਾਸਾਂ
ਹੱਥ ਜੋੜ ਜੋੜ ਪਿੰਡ ਛੱਡਣ ਦੀਆਂ

ਧਰਮਵੀਰ ਆਪਣੇ ਆਪ ਨਾਲ ਇੱਕ ਹੋਰ ਸੁਆਲ ਕਰਦੈ



ਜਿੱਥੇ ਜੰਮੇ ਖੇਡੇ ਕੁੱਦੇ, ਪਿੰਡ ਗਰਾਂ ਸਭ ਛੱਡ ਆ ਗਏ
ਗੁਰੂਆਂ ਪੀਰਾਂ ਦੀ ਛੋਹ ਵਾਲੀ, ਅਣਮੁੱਲੀ ਥਾਂ ਛੱਡ ਆ ਗਏ
ਰੁੱਖੀ ਮਿੱਸੀ ਖਾਕੇ ਕਿਹੜਾ ਮੰਨਦਾ ਰੱਬ ਦੇ ਭਾਣੇ ਨੂੰ
ਚਾਈਂ ਚਾਈਂ ਆਨੰਦਪੁਰ ਛੱਡਤਾ
ਰੋਈ ਜਾਣ ਨਣਕਾਣੇ ਨੂੰ

ਭੋਇੰ ਤਾਂ ਜੱਟ ਦੀ ਮਾਂ ਹੁੰਦੀ ਐ
ਜਾਣਿਓ ਨਾ ਇਹਨੂੰ ਮਿੱਟੀ ਬਈ
ਡਾਲਰ ਹੋਗੇ ਮਾਂ ਤੋਂ ਵਧਕੇ
ਮਾਂ ਨਾ ਮੁੜਕੇ ਡਿੱਠੀ ਬਈ
ਬੈਠੇ ਜੱਟ ਅਮਰੀਕਾ ਆਖਣ
ਪਾਣੀ ਦੇਣਾ ਨਹੀਂ ਹਰਿਆਣੇ ਨੂੰ

ਦਸ ਘਰ ਕਹਿੰਦਾ ਪੈਆਫ ਕਰਤੇ
ਪੰਜ ਨੇ ਖੜ੍ਹੇ ਤਿਆਰ ਨਵੇਂ
ਪੱਚੀ ਹੋਰ ਟਰਾਲੇ ਪਾ ਲਏ
ਗੈਸ ਸਟੇਸ਼ਨ ਚਾਰ ਨਵੇਂ
ਹਾਲੇ ਵੀ ਅਰਦਾਸਾਂ ਕਰਦਾ
ਬਖ਼ਸ਼ੀਂ ਹੋਰ ਨਿਮਾਣੇ ਨੂੰ

ਗੁਰੂਆਂ ਸਾਨੂੰ ਸਬਰ ਸਿਖਾਇਆ
ਸਬਰ ਤਾਂ ਕਿਧਰੇ ਦਿਖਦਾ ਨਹੀਂ
ਦੁਨੀਆਂ ਭਰ ਦੀ ਦੌਲਤ ਮਿਲ ਗਈ
ਮਨ ਤਾਂ ਫਿਰ ਵੀ ਟਿਕਦਾ ਨਹੀਂ
ਖਾਲੀ ਆਇਆ, ਖਾਲੀ ਜਾਣਾਂ
ਕੁੱਝ ਨੀ ਨਾਲ ਲਿਜਾਣੇ ਨੂੰ

ਆਹ ਹੁਣੇ ਧਰਮਵੀਰ ਥਾਂਦੀ ਦਾ ਇੱਕ ਗੀਤ ਬਹੁਤ ਚਰਚਾ ਵਿੱਚ ਆਇਆ ਜੋ ਜਾਤਾਂ ਪਾਤਾਂ ਧਰਮਾਂ ਮਜ਼ਹਬਾਂ ਦੇ ਨਾਂ ਤੇ ਵੰਡੀਆਂ ਪਾਉਣ ਵਾਲਿਆਂ ਦੇ ਮੂੰਹ ਤੇ ਕਰਾਰੀ ਚਪੇੜ ਐ, ਜਿਸ ਵਿੱਚ ਧਰਮਵੀਰ ਨੇ ਕਮਾਲ ਦਾ ਸੁਨੇਹਾ ਦਿੱਤਾ ਐ ਕਿ ਕੰਮ ਹੀ ਪੂਜਾ ਹੈ

ਵਿੱਚ ਅਮਰੀਕਾ ਆ ਕੇ ਬਣ ਗਏ ਜੱਟਾਂ ਦੇ ਪੁੱਤ ਲਾਲੇ
ਬੈਕ ਯਾਰਡ ਵਿਚ ਕਰ ਲਈਏ ਪੂਰ ਸ਼ੌਕ ਖੇਤੀਆਂ ਵਾਲੇ

ਸੁਬਾਹ ਉੱਠ ਕੇ ਜਦੋ ਸਟੋਰ ਖੋਹਲਾਂ
ਮੈਨੂੰ ਯਾਦ ਬਾਣੀਆ ਆ ਜਾਂਦਾ
ਗਾਹਕਾਂ ਨੂੰ ਜੀ ਜੀ ਕਰਦੇ ਦਾ
ਮੇਰਾ ਅੰਦਰੋਂ ਜੱਟ ਸ਼ਰਮਾ ਜਾਂਦਾ
ਦੋ ਕੁ ਘੰਟਿਆਂ ਵਿੱਚ
ਵੀਹ ਗ੍ਹਾਲਾਂ ਕੱਢ ਜਾਂਦੇ ਨੇ ਕਾਲੇ
ਵਿੱਚ ਅਮਰੀਕਾ ਆ ਕੇ ਬਣ ਗਏ
ਜੱਟਾਂ ਦੇ ਪੁੱਤ ਲਾਲੇ

ਮੈਨੂੰ ਛੱਲੀਆਂ ਵਾਂਗੂ ਰਾਖੀ ਕਰਨੀ ਪੈਂਦੀ
ਲੀਕਰ ਸਟੋਰਾਂ ਦੀ
ਕਾਂ ਇੱਥੇ ਵੀ ਤੰਗ ਕਰਦੇ ਨੇ
ਬੱਸ ਨਸਲ ਬਦਲ ਗਈ ਚੋਰਾਂ ਦੀ
ਕੱਲ੍ਹ ਦੇਖਦਿਆਂ ਦੋ ਘੜੇ ਸੈਲਫ ਤੋਂ
ਚੁੱਕ ਕੇ ਭੱਜ ਗਏ ਸਾਲੇ
ਵਿੱਚ ਅਮਰੀਕਾ ਆ ਕੇ ਬਣ ਗਏ
ਜੱਟਾਂ ਦੇ ਪੁੱਤ ਲਾਲੇ

ਪੁੱਤ ਪੰਡਤਾਂ ਦੇ ਬਣੇ ਡਰਾਈਵਰ
ਤੇ ਕੁੱਕ ਬਣਗੇ ਤਰਖਾਣ ਇੱਥੇ
ਕਈ ਲੰਬੜਦਾਰ ਨੇ ਪਿੰਡਾਂ ਦੇ
ਜੋ ਕੁਲਫੀਆਂ ਵੇਚੀ ਜਾਣ ਇੱਥੇ
ਕਈ ਮਾਸਟਰ ਆਏ ਇੰਡੀਆ ਤੋਂ
ਇੱਥੇ ਕੁੱਕੜ ਵੱਢਣ ਲਾ ਲਏ
ਵਿੱਚ ਅਮਰੀਕਾ ਆ ਕੇ ਬਣ ਗਏ
ਜੱਟਾਂ ਦੇ ਪੁੱਤ ਲਾਲੇ

ਮੇਰਾ ਖਿਆਲ ਐ ਇੱਕ ਗੀਤ ਰਾਹੀਂ ਭਾਈਚਾਰਕ ਸਾਂਝ ਦਾ ਤੇ ਮਨੁੱਖਤਾ ਦਾ ਸੰਦੇਸ਼ ਇਸ ਤੋਂ ਵਧੀਆ ਢੰਗ ਨਾਲ ਨਹੀਂ ਦਿੱਤਾ ਜਾ ਸਕਦਾ Dharmvir Thandi ਨਵਾਂ ਸ਼ਹਿਰ ਦੇ ਲਾਗੇ ਪਿੰਡ ਗੜ੍ਹ ਪਧਾਣੇ ਦਾ ਜੰਮਪਲ ਐ। ਪਿਛਲੇ ਦੋ ਦਹਾਕਿਆਂ ਤੋਂ ਅਮਰੀਕਾ ਕੈਲੇਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਖੇ ਵਸਦਾ ਹੈ, ਅਮਰੀਕਾ ਵਿੱਚ ਫਰਿਜ਼ਨੋ ਦੂਸਰਾ ਪੰਜਾਬ ਐ ਜਿੱਥੇ Harjinder Kang Dilawar Chahal , Sukhi Dhaliwal Kulwant Sekhon ਵਰਗੇ ਸਾਇਰ , Pappy Bhadaur ਵਰਗੇ ਕਲਾਕਾਰ asha Sharma ਤੇ Jyot Ranjyot ਜਹੀਆਂ ਸਟੇਜ ਸੰਚਾਲਕਾਂ Kulwant Dhalian Neeta machike ਜਿਹੇ ਸੁੱਚੇ ਪੱਤਰਕਾਰ ਵਸਦੇ ਨੇ, ਬੇਸ਼ੱਕ ਧਰਮਵੀਰ ਥਾਂਦੀ ਦੇ ਗੀਤ ਕੰਠ ਕਲੇਰ ਤੇ ਰਣਜੀਤ ਬਾਵਾ ਜਿਹੇ ਕਲਾਕਾਰਾਂ ਨੇ ਗਾਏ ਪਰ ਜੋ ਫੀਲਿੰਗ ਧਰਮਵੀਰ ਖੁਦ ਆਪਣੇ ਗੀਤਾਂ ਨੂੰ ਦਿੰਦਾ ਹੈ ਉਹ ਬਾਕਮਾਲ ਹੈ। ਹੁਣ ਧਰਮਵੀਰ ਦਾ ਸਮਾਂ ਆ ਗਿਆ ਹੈ ਧਰਮਵੀਰ ਦੇ ਗੀਤ ਲੋਕਾਂ ਦੇ ਮੂੰਹ ਚੜ੍ਹ ਚੁੱਕੇ ਨੇ। ਮੈਨੂੰ ਉਮੀਦ ਐ ਥਾਂਦੀ ਦੇ ਗੀਤ ਨਵੀਂ ਪੀੜ੍ਹੀ ਦੇ ਅੰਗ ਸੰਗ ਤੁਰਦੇ ਰਹਿਣਗੇ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਬੋਹੜਾਂ ਦੀ ਛਾਂ ਤੋਂ ਚੀਨ ਦੇ ਰਾਜਵੰਸ਼ਾਂ ਤੱਕ

## ਤਾਸ਼ ਦੇ ਪੱਤਿਆਂ ਦੀ ਅਦਭੁੱਤ ਕਹਾਣੀ (ਪਹਿਲੀ ਕਿਸ਼ਤ)

ਤਾਸ਼ ਦੇ ਪੱਤਿਆਂ ਅਤੇ ਮਨੁੱਖੀ ਜ਼ਿੰਦਗੀ ਵਿੱਚ ਇੱਕ ਡੂੰਘਾ ਸਬੰਧ ਹੈ। ਜਿਸ ਤਰ੍ਹਾਂ ਤਾਸ਼ ਦੀ ਬਾਜ਼ੀ ਦੌਰਾਨ ਤੁਹਾਨੂੰ ਮਨ ਮਰਜ਼ੀ ਦੇ ਪੱਤੇ ਨਹੀਂ ਆਉਂਦੇ ਉਸੇ ਤਰ੍ਹਾਂ ਜ਼ਿੰਦਗੀ ਦੇ ਵਿੱਚ ਵੀ ਹਾਲਾਤ ਤੁਹਾਡੀ ਮਰਜ਼ੀ ਦੇ ਨਹੀਂ ਹੁੰਦੇ। ਜਿਵੇਂ ਤਾਸ਼ ਵਿੱਚ ਜਿਹੜੇ ਵੀ ਪੱਤੇ ਵੰਡ ਦੌਰਾਨ ਆਏ ਉਹਨਾਂ ਨਾਲ਼ ਹੀ ਖੇਡਣਾ ਪੈਂਦਾ ਹੈ ਇਸੇ ਤਰ੍ਹਾਂ ਜ਼ਿੰਦਗੀ ਦੇ ਵਿੱਚ ਸਾਨੂੰ ਜੋ ਕੁਝ ਵੀ ਮਿਲਦਾ ਹੈ ਉਸੇ ਨਾਲ਼ ਹੀ ਜ਼ਿੰਦਗੀ ਅੱਗੇ ਤੋਰਨੀ ਹੁੰਦੀ ਹੈ ਬਿਲਕੁਲ ਤਾਸ਼ ਦੀ ਬਾਜੀ ਵਾਂਗ। ਪੰਜਾਬ ਦੇ ਹਰ ਪਿੰਡ ਵਿੱਚ ਬੋਹੜਾਂ ਦੀ ਠੰਡੀ ਛਾਂ ਹੇਠ ਬੈਠੇ ਬਾਬਿਆਂ ਦੇ ਹੱਥਾਂ ਵਿੱਚ ਤਾਸ਼ ਦੇ ਪੱਤੇ ਇੱਕ ਆਮ ਦ੍ਰਿਸ਼ ਹਨ। ਕਿਤੇ ਕਿਤੇ ਪਿੰਡਾਂ ਦੀ ਸੱਥ ਵਿੱਚ ਬੈਠ ਕੇ ਹੱਥ ਵਿੱਚ ਫੜੇ ਤਾਸ਼ ਦੇ ਪੱਤਿਆਂ ਨਾਲ਼ ਦੇਸ਼ ਦੁਨੀਆਂ ਦੀ ਰਾਜਨੀਤੀ ਦੀਆਂ ਗੰਭੀਰ ਰਾਜਨੀਤੀ ਦੀਆਂ ਗੱਲਾਂ ਦੇ ਨਾਲ਼ -ਨਾਲ਼ ਹਾਸਾ ਠੱਠਾ ਚੱਲਦਾ ਹੈ, ਕਿਤੇ ਇਹ ਸਿਰਫ਼ ਵੇਲਾ ਕੱਟਣ ਦਾ ਸਾਧਨ ਬਣ ਜਾਂਦਾ ਹੈ, ਤੇ ਕਿਤੇ ਇਸ ਨੂੰ ਜੂਏ ਅਤੇ ਹੋਰ




ਬੁਰਾਈਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਪਰ ਜੇ ਅਸੀਂ ਇਸ ਦੀ ਉਤਪੱਤੀ ਅਤੇ ਇਤਿਹਾਸ ਦੀ ਗਹਿਰਾਈ ਵਿੱਚ ਝਾਤੀ ਮਾਰੀਏ ਤਾਂ ਇਹ ਸਿਰਫ਼ ਖੇਡ ਨਹੀਂ ਰਹਿੰਦੀ, ਸਗੋਂ ਸਦੀਆਂ ਦੀ ਇੱਕ ਰੋਮਾਂਚਕ ਸਭਿਆਚਾਰਕ ਯਾਤਰਾ ਬਣ ਜਾਂਦੀ ਹੈ। ਅੱਜ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰਾਂ ਦੇ ਡਰਾਇੰਗ ਰੂਮਾਂ ਤੱਕ ਪਹੁੰਚੇ ਇਹ 52 ਪੱਤੇ ਆਪਣੇ ਅੰਦਰ ਚੀਨ ਦੇ ਰਾਜਵੰਸ਼ਾਂ, ਫਾਰਸੀ ਦਰਬਾਰਾਂ, ਮੁਗਲ ਦੌਰ ਦੀਆਂ ਕਹਾਣੀਆਂ ਅਤੇ ਭਾਰਤ ਸਮੇਤ ਯੂਰਪੀ ਸਮਾਜ ਦੇ ਅਨੇਕ ਰਾਜ ਸਮੇਟੇ ਬੈਠੇ ਹਨ।ਇਤਿਹਾਸਕਾਰਾਂ ਮੁਤਾਬਕ ਤਾਸ਼ ਦੀ ਸ਼ੁਰੂਆਤ ਚੀਨ ਦੇ ਟਾਂਗ ਰਾਜਵੰਸ਼ (9ਵੀਂ ਸਦੀ) ਦੌਰਾਨ ਹੋਈ। ਉਸ ਸਮੇਂ ਬਲਾਕ ਪ੍ਰਿੰਟਿੰਗ ਤਕਨਾਲੋਜੀ ਨਾਲ਼ ਛੋਟੇ ਕਾਗਜ਼ੀ ਪੱਤੇ ਬਣਾਏ ਜਾਂਦੇ ਸਨ, ਜਿਨ੍ਹਾਂ ਨੂੰ ਮਨੀ ਕਾਰਡਜ਼ ਵਜੋਂ ਵੀ ਵਰਤਿਆ ਜਾਂਦਾ ਸੀ। ਕਈ ਵਿਦਵਾਨ ਮੰਨਦੇ ਹਨ ਕਿ ਇਹ ਸ਼ੁਰੂਆਤੀ ਰੂਪ ਕਾਗਜ਼ੀ ਮੁਦਰਾ ਤੋਂ ਪ੍ਰੇਰਿਤ ਸੀ। ਚੀਨ ਤੋਂ ਇਹ ਖੇਡ ਭਾਰਤ, ਫਾਰਸ (ਪੁਰਾਣਾ ਪਰਸ਼ੀਆ ਤੇ ਅੱਜ ਦਾ ਈਰਾਨ ) ਅਤੇ ਮਮਲੂਕ ਮਿਸਰ ਰਾਹੀਂ ਯੂਰਪ ਤੱਕ ਪਹੁੰਚੀ। 14ਵੀਂ ਸਦੀ ਤੱਕ ਇਟਲੀ ਅਤੇ ਸਪੇਨ ਵਿੱਚ ਇਸ ਦੇ ਸਪਸ਼ਟ ਇਤਿਹਾਸਕ ਰਿਕਾਰਡ ਮਿਲਦੇ ਹਨ, ਜਦਕਿ 15ਵੀਂ ਸਦੀ ਦੇ ਫਰਾਂਸ ਨੇ ਇਸ ਨੂੰ ਉਹ ਆਧੁਨਿਕ ਰੂਪ ਦਿੱਤਾ ਜੋ ਅੱਜ ਦੁਨੀਆ ਭਰ ਵਿੱਚ ਸਭ ਤੋਂ ਵੱਧ ਵਰਤਿਆ ਜਾਂਦਾ ਹੈ।ਭਾਰਤ ਵਿੱਚ ਤਾਸ਼ ਫਾਰਸੀ ਪ੍ਰਭਾਵ ਨਾਲ਼ ਆਇਆ ਅਤੇ ਮੁਗਲ ਕਾਲ ਵਿੱਚ ਕਾਫ਼ੀ ਮਸ਼ਹੂਰ ਹੋਇਆ। ਉਸ ਸਮੇਂ ਗੰਜਿਫ਼ਾ ਨਾਂ ਦੇ ਗੋਲ ਅਤੇ ਹੱਥ ਨਾਲ਼ ਬਣੇ ਪੱਤੇ ਖੇਡੇ ਜਾਂਦੇ ਸਨ, ਜਿਨ੍ਹਾਂ 'ਤੇ ਰਾਜੇ, ਸਿਪਾਹੀ, ਦਰਬਾਰ ਅਤੇ ਧਾਰਮਿਕ ਪ੍ਰਤੀਕ ਦਰਸਾਏ ਜਾਂਦੇ ਸਨ। ਪੰਜਾਬ ਵਿੱਚ ਇਹ ਖੇਡ ਹੌਲੀ-ਹੌਲੀ ਸੱਥਾਂ ਅਤੇ ਬੋਹੜਾਂ ਦੀ ਛਾਂ ਹੇਠ ਇੱਕ ਸਮਾਜਕ ਰਿਵਾਜ ਬਣ ਗਈ। ਇਹ ਸਿਰਫ਼ ਮਨੋਰੰਜਨ ਨਹੀਂ ਸੀ, ਸਗੋਂ ਗੱਲਬਾਤ, ਸਾਂਝ ਅਤੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦਾ ਇੱਕ ਜ਼ਰੀਆ ਵੀ ਸੀ।

ਆਧੁਨਿਕ ਤਾਸ਼ ਦੇ ਚਾਰ ਸੂਟ ਜਾਂ ਰੰਗ—ਹੁਕਮ (Spades ), ਚਿੜੀ (Clubs ), ਪਾਨ (Hearts ) ਅਤੇ ਇੱਟ (Diamonds ) ਸਿਰਫ਼ ਨਿਸ਼ਾਨ ਨਹੀਂ, ਸਗੋਂ ਇਤਿਹਾਸਕ ਪ੍ਰਤੀਕ ਹਨ। ਮੱਧਕਾਲੀਨ ਯੂਰਪ ਵਿੱਚ ਇਨ੍ਹਾਂ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਜੋੜਿਆ ਜਾਂਦਾ ਸੀ: ਹੁਕਮ ਯੋਧਿਆਂ ਅਤੇ ਰਾਜਿਆਂ ਦਾ, ਚਿੜੀ ਕਿਸਾਨਾਂ ਅਤੇ ਆਮ ਲੋਕਾਂ ਦਾ, ਪਾਨ ਧਰਮ ਅਤੇ ਭਾਵਨਾਵਾਂ ਦਾ, ਜਦਕਿ ਇੱਟ ਵਪਾਰ ਅਤੇ ਧਨ-ਦੌਲਤ ਦਾ ਪ੍ਰਤੀਕ ਸੀ। ਕਈ ਖੋਜਕਾਰ ਇਨ੍ਹਾਂ ਨੂੰ ਚਾਰ ਰੁੱਤਾਂ, ਚਾਰ ਤੱਤਾਂ ਅਤੇ ਜੀਵਨ ਦੇ ਚਾਰ ਪੱਖਾਂ ਨਾਲ਼ ਵੀ ਜੋੜਦੇ ਹਨ।ਤਾਸ਼ ਦੀ ਇੱਕ ਆਮ ਗੱਦੀ (ਡੈੱਕ) ਵਿੱਚ 52 ਪੱਤੇ ਹੁੰਦੇ ਹਨ, ਜਿਸ ਨੂੰ ਕਈ ਲੋਕ ਇੱਕ ਸਾਲ ਦੇ 52 ਹਫ਼ਤਿਆਂ ਨਾਲ਼ ਜੋੜਦੇ ਹਨ। ਚਾਰ ਰੰਗਾਂ ਨੂੰ ਚਾਰ ਰੁੱਤਾਂ ਅਤੇ ਹਰ ਰੰਗ ਦੇ 13 ਪੱਤਿਆਂ ਨੂੰ ਇੱਕ ਰੁੱਤ ਦੇ 13 ਹਫ਼ਤਿਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇੱਕ ਰੰਗ ਦੇ 13 ਪੱਤੇ ਚੰਦ ਦੇ 13 ਚੱਕਰਾਂ ਦੇ ਪ੍ਰਤੀਕ ਵੀ ਹਨ। ਇੱਕੇ ਤੋਂ ਬਿਨਾਂ 12 ਫੇਸ ਕਾਰਡ 12 ਮਹੀਨਿਆਂ ਨੂੰ ਦਰਸਾਉਂਦੇ ਹਨ। ਭਾਵੇਂ ਇਹ ਪੂਰੀ ਤਰ੍ਹਾਂ ਇਤਿਹਾਸਕ ਤੱਥ ਨਾਂ ਵੀ ਹੋਵੇ, ਪਰ ਇਹ ਪ੍ਰਤੀਕਾਤਮਕ ਵਿਆਖਿਆ ਤਾਸ਼ ਨੂੰ ਹੋਰ ਵੀ ਰਹੱਸਮਈ ਬਣਾਉਂਦੀ ਹੈ।ਸਭ ਤੋਂ ਦਿਲਚਸਪ ਪੱਤਾ ਜੋਕਰ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜੋਕਰ ਪ੍ਰਾਚੀਨ ਤਾਸ਼ ਦਾ ਹਿੱਸਾ ਨਹੀਂ ਸੀ। ਇਹ 19ਵੀਂ ਸਦੀ ਵਿੱਚ ਅਮਰੀਕਾ ਵਿੱਚ Euchre ਨਾਂ ਦੀ ਖੇਡ ਲਈ ਬਣਾਇਆ ਗਿਆ ਸੀ, ਜਿੱਥੇ ਇਹ ਸਭ ਤੋਂ ਤਾਕਤਵਰ ਟ੍ਰੰਪ ਕਾਰਡ ਮੰਨਿਆ ਜਾਂਦਾ ਸੀ। ਹੌਲ਼ੀ-ਹੌਲ਼ੀ ਇਹ ਹਾਸੇ, ਅਣਅੰਦਾਜ਼ੇ , ਲੁਕਵੀਂ ਸ਼ਕਤੀ ਅਤੇ ਚਾਲਾਕੀ ਦਾ ਪ੍ਰਤੀਕ ਬਣ ਗਿਆ। ਅੱਜ ਵੀ ਬਹੁਤੀਆਂ ਖੇਡਾਂ ਵਿੱਚ ਜੋਕਰ ਇੱਕ ਪਲ ਵਿੱਚ ਪੂਰੀ ਬਾਜ਼ੀ ਬਦਲ ਸਕਦਾ ਹੈ।ਇਸ ਤਰ੍ਹਾਂ ਤਾਸ਼ ਸਿਰਫ਼ 52 ਪੱਤਿਆਂ ਦੀ ਖੇਡ ਨਹੀਂ, ਸਗੋਂ ਚੀਨ ਤੋਂ ਪੰਜਾਬ ਤੱਕ ਦੀ ਇੱਕ ਲੰਮੀ ਸਭਿਆਚਾਰਕ ਯਾਤਰਾ ਹੈ, ਜਿਸ ਵਿੱਚ ਪੁਰਾਣੇ ਰਾਜਵੰਸ਼ਾਂ, ਵਪਾਰਕ ਰਸਤਿਆਂ, ਸਮਾਜਕ ਵਰਗਾਂ ਅਤੇ ਮਨੁੱਖੀ ਮਨੋਰੰਜਨ ਦੀ ਕਹਾਣੀ ਲੁਕੀ ਹੋਈ ਹੈ। ਅਗਲੀ ਕਿਸ਼ਤ ਵਿੱਚ ਅਸੀਂ ਤਾਸ਼ ਦੇ ਚਾਰ ਰਾਜਿਆਂ (ਬਾਦਸ਼ਾਹ) ਅਤੇ ਰਾਣੀਆਂ ਦੀ ਅਸਲ ਇਤਿਹਾਸਕ ਪਹਿਚਾਣ ਬਾਰੇ ਗੱਲ ਕਰਾਂਗੇ, ਜੋ ਇਸ ਕਹਾਣੀ ਨੂੰ ਹੋਰ ਵੀ ਰੋਚਕ ਬਣਾਵੇਗੀ।

**ਗੁਰਪ੍ਰੀਤ ਪਸ਼ੌਰੀਆ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾ ਲਈ ਕਾਪੀ ਕੀਤਾ**



ਡਾ. ਬਲਵਿੰਦਰ ਕੌਰ ਬਰਾੜ
403 590 9629

# ਉਹ ਵੇਲਾ ਯਾਦ ਕਰ



## "ਮੈਂ ਵੀਹ ਵਾਰ ਆਖ ਲਿਆ, ਤੁਸੀਂ ਕੰਨ ਵਲ੍ਹੇਟੀ ਫਿਰਦੇ ਹੋ"

*ਸੁਣ ਵੀ ਲੈਨਾਂ ਕਹਿ ਵੀ ਲੈਨਾਂ,*
*ਉੱਚੀ ਨੀਵੀਂ ਸਹਿ ਵੀ ਲੈਨਾਂ,*
*ਹੋਰਾਂ ਦੇ ਸੰਗ ਚੰਗਾ ਲਗਦੈ,*
*ਪਰ ਮੈਂ ਕੱਲਾ ਰਹਿ ਵੀ ਲੈਨਾਂ।*

ਹਰ ਮਿਲਣ ਵਾਲ਼ੇ ਨੂੰ ਜੇ ਦਿਲ ਦੇ ਦਰ ਖੋਲ੍ਹ ਕੇ ਮਿਲੀਏ ਤਾਂ ਅਸੀਂ ਹੋਰਾਂ ਦੀ ਥਾਂ ਖੜ੍ਹ ਕੇ ਉਸ ਸੀਨੇ ਸਮੋਏ ਸਦਮੇ ਦੀ ਬਾਤ ਪੜ੍ਹ ਵੀ ਸਕਦੇ ਹਾਂ। ਸਾਡੇ ਦੁਆਲ਼ੇ ਵਿੱਚਰਦੇ ਲੋਕਾਂ ਨੂੰ ਜੇ ਨੀਝ ਲਾ ਕੇ ਵੇਖੀਏ ਜਾਂ ਅੰਦਰ ਪੜ੍ਹੀਏ ਤਾਂ ਲਗਦਾ ਹੈ ਹਰ ਸੀਨੇ ਅੰਦਰ ਅਣਕਹੀਆਂ ਬਾਤਾਂ ਦੇ ਅੰਬਾਰ ਪਏ ਹਨ। ਇਸ ਭਾਰ ਨਾਲ਼ ਲੋਕ ਨੁੱਚੜੇ, ਉੱਖੜੇ ਜਾਂ ਬਿਖਰੇ ਜਿਹੇ ਹੀ ਨਜ਼ਰ ਆਉਣਗੇ। ਅੰਦਰਲਾ ਇਹ ਭਾਰ ਹੌਲ਼ਾ ਕਰਨ ਲਈ ਸਭ ਹਮਦਰਦੀ ਤਲਾਸ਼ਦੇ ਲਗਦੇ ਹਨ। ਕਿਸੇ ਹੋਰ ਦੀ ਵਿਥਿਆ ਸੁਨਣ ਲਈ ਜਿਗਰਾ ਚਾਹੀਦਾ ਹੈ। ਇਹ ਕਹਾਣੀਆਂ ਅੰਦਰ ਇਸ ਲਈ ਦਫ਼ਨ ਹਨ ਕਿਉਂਕਿ ਕਈ ਵਾਰੀ ਲੋਕ ਸੁਣੀ ਗੱਲ ਦਾ ਮੌਜੂ ਬਣਾ ਧਰਦੇ ਹਨ। ਦੂਜਾ ਕਹਿਣ ਵਾਲ਼ਾ ਕੁੱਝ ਹੋਰ ਆਖਦਾ ਹੈ ਤੇ ਸੁਨਣ ਵਾਲ਼ਾ ਕੋਈ ਹੋਰ ਅਰਥ ਅੱਗੇ ਤੋਰਨ ਦੀ ਕਾਹਲ਼ ਕਰਦਾ ਹੈ। ਫੇਰ ਹੋਰ ਹੀ ਅਰਥ ਅੱਗੇ ਜਾ ਪਸਰਦੇ ਹਨ। ਕਈ ਵਾਰੀ ਸੋਸ਼ਲ ਮੀਡੀਆ ਛੱਜ 'ਚ ਪਾ ਛਟਦਾ ਹੈ। ਇਸੇ ਡਰ ਕਰ ਕੇ ਗੱਲ ਨੂੰ ਅੰਦਰ ਹੀ ਧੁਖਦੀ ਰੱਖਣ ਦਾ ਰਿਵਾਜ ਪੈ ਗਿਆ ਹੈ। ਅੱਲ੍ਹੜ ਵਰੇਸ ਵਿੱਚ ਕਿਲਕਾਰੀਆਂ, ਬੜ੍ਹਕਾਂ ਜਾਂ ਕੂਕਾਂ ਉਮਰ ਦੀ ਉਲਾਰ ਸਥਿਤੀ ਦਾ ਇਜ਼ਹਾਰ ਬਣ ਕੇ ਆਲ਼ੇ ਦੁਆਲ਼ੇ ਨੂੰ ਵੀ ਨਸ਼ਿਆ ਦਿੰਦੀਆਂ ਰਹੀਆਂ ਹਨ। ਪਰ ਸਾਡੇ ਦੁਆਲ਼ੇ ਇਹੀ ਪੀੜ੍ਹੀ ਮਾਂ ਦੀ ਬੁੱਕਲ਼ ਵਰਗਾ ਨਿੱਘ ਵਿਛੜਨ ਦਾ ਸੱਲ ਜਰਦੀ ਮਜਬੂਰੀਆਂ, ਗਰਜ਼ਾਂ ਅਤੇ ਹਕੀਕਤਾਂ ਮੂਹਰੇ ਸਿਰ ਸੁੱਟ ਕੇ ਝੂਰਦੀ ਵੇਖੀ ਜਾ ਸਕਦੀ ਹੈ। ਮੈਂ ਕਿਸੇ ਦੁਕਾਨ 'ਤੇ ਕੰਮ ਕਰਦੀ ਇੱਕ ਬੱਚੀ ਨੂੰ ਮਿਲੀ, ਥੋੜ੍ਹੀ ਨਰਮੀ ਨਾਲ਼ ਗੱਲ ਕੀਤੀ, ਪਿੱਛੋਂ ਹੀ ਉਹ ਬਾਹਾਂ ਖਿਲਾਰ ਕੇ ਮੇਰੇ ਗਲ਼ ਆ ਲੱਗੀ। ਉਸ ਦੀਆਂ ਸਿਸਕੀਆਂ, ਹੰਝੂ, ਹੌਕੇ ਅੰਦਰ ਜਰੀ ਬਾਤ ਦਾ ਤਰਜਮਾ ਕਰਦੇ ਰਹੇ। ਉਹ ਬੋਲ ਨਹੀਂ ਸਕੀ, ਮਨ ਦੀਆਂ ਮਨ ਵਿੱਚ ਹੀ ਰਹਿ ਗਈਆਂ। ਇਸ ਤਰ੍ਹਾਂ ਦੀ ਸਥਿਤੀ ਕਈ ਮਨਾਂ ਦੀ ਹੋਵੇਗੀ। ਸਮਾਜ ਸੇਵੀ ਸੰਸਥਾਵਾਂ ਨੂੰ ਦੁੱਖ ਸੁੱਖ ਫੋਰੀ ਕਰਨ ਲਈ ਵੀ ਕੋਈ ਥਾਂ ਸਿਰਜਣੀ ਬਣਦੀ ਹੈ। ਵਰਤਮਾਨ ਨੂੰ ਉਧੇੜ ਕੇ ਭਵਿੱਖੀ ਸੁਪਨੇ ਉਸਾਰਦੀ ਇਸ ਪੀੜ੍ਹੀ ਨੂੰ ਮੋਹ ਨਾਲ਼ ਕੋਲ਼ ਬਿਠਾ ਸੁਣ ਲੈਣਾ ਵੱਡਿਆਂ ਦਾ ਫ਼ਰਜ਼ ਹੈ। ਸੁਨਣ ਨਾਲ਼ ਦੁੱਖ ਅੱਧਾ ਰਹਿ ਜਾਂਦਾ ਹੈ। ਸਖ਼ਤ ਮਿਹਨਤ ਨਾਲ਼ ਇਹ ਬੱਚੇ ਕੈਨੇਡਾ ਦੀ ਉਸਾਰੀ ਕਰਦੇ ਵੀ ਆਪਣੇ ਲਈ ਥਾਂ ਭਾਲ਼ਦੇ ਹਨ। ਕਿਸੇ ਹੋਰ ਨੂੰ ਸੁਣ ਲੈਣਾ ਵੀ ਇੱਕ ਕਲਾ ਹੈ। ਜਪੁਜੀ ਸਾਹਿਬ ਵਿੱਚ ਸੁਨਣ ਦੀਆਂ ਪੌੜੀਆਂ ਮੰਨਣ ਤੋਂ ਪਹਿਲਾਂ ਆਉਂਦੀਆਂ ਹਨ। ਅਸੀਂ ਸਭ ਦੂਜੇ ਦੀ ਚੁਗਲੀ ਅਤੇ ਆਪਣੀ ਪ੍ਰਸ਼ੰਸਾ ਨੂੰ ਹੀ ਸੁਆਦ ਨਾਲ਼ ਸੁਣਦੇ ਹਾਂ। ਸਾਡੇ ਦੁਆਲ਼ੇ ਭਰੇ ਪੀਤੇ ਲੋਕ ਆਪਣੀ ਦਾਸਤਾਂ ਸੁਨਾਉਣੀ ਚਾਹ ਰਹੇ ਹੁੰਦੇ ਹਨ। ਕੁੱਕਰ ਵਿੱਚ ਬਣੀ ਭਾਫ਼ ਵਾਂਗ ਇਹ ਅਣਕਹੀ ਗੱਲ ਕਈ ਰੋਗ ਜਾ ਲਾਉਂਦੀ ਹੈ। ਕਈ ਵਾਰ ਪਤਨੀ ਆਖਦੀ ਹੈ,'ਮੈਂ ਵੀਹ ਵਾਰ ਆਖ ਲਿਆ, ਤੁਸੀਂ ਕੰਨ ਵਲ੍ਹੇਟੀ ਫਿਰਦੇ ਹੋ'। ਇਸ ਸੰਬੰਧੀ ਇੱਕ ਹਾਸੇ ਵਾਲ਼ੀ ਗੱਲ ਸਾਂਝੀ ਕਰਦੀ ਹਾਂ। ਇੱਕ ਪਤਨੀ ਆਪਣੇ ਪਤੀ ਨਾਲ ਫੋਨ ਤੇ ਗੱਲਾਂ ਕਰਦੀ ਰਹੀ। ਅਖੀਰ ਵਿੱਚ ਕੁੱਝ ਰੁਪਿਆਂ ਦੀ ਮੰਗ ਕਰਨ ਲੱਗੀ ਤਾਂ ਪਤੀ ਨੇ ਕਿਹਾ ਕਿ ਸੁਣਦਾ ਨੀਂ, ਫੇਰ ਫੋਨ ਕਰੀਂ। ਕੋਲ਼ ਬੈਠਾ ਆਦਮੀ ਫੋਨ ਸੁਣ ਰਿਹਾ ਸੀ। ਉਸ ਨੇ ਕਿਹਾ ਕਿ ਚੰਗਾ ਭਲਾ ਤਾਂ ਸੁਣ ਰਿਹੈ ਕਿ ਪੈਸੇ ਮੰਗਦੀ ਹੈ। ਪਤੀ ਨੇ ਕਿਹਾ ਕਿ ਜੇ ਤੈਨੂੰ ਸੁਣ ਗਿਆ ਤਾਂ ਪੈਸੇ ਤੂੰ ਭੇਜ ਦੇ। ਕਈ ਲੋਕ ਬੁਢਾਪੇ ਵਿੱਚ ਆਪਣੇ ਆਪ ਨਾਲ਼ ਹੀ ਗੱਲਾਂ ਕਰਨ ਲਗਦੇ ਹਨ। ਹੋਰਨਾਂ ਤੋਂ ਬੇਮੁੱਖ ਹੋਏ ਨਿਰਾਸ਼ ਲੋਕ ਅਜਿਹਾ ਕਰਦੇ ਹੋਣਗੇ। ਰੱਬ ਨੇ ਸਾਨੂੰ ਇੱਕ ਜੀਭ ਤੇ ਦੋ ਕੰਨ ਦੇ ਕੇ ਬੋਲਣ ਨਾਲ਼ੋਂ ਦੁੱਗਣਾ ਸੁਨਣ ਦੀ ਸਿੱਖਿਆ ਦਿੱਤੀ ਹੈ। ਸੁਨਣ ਨਾਲ਼ ਰਾਬਤਾ ਉਸਰਦਾ ਹੈ। ਪ੍ਰੋ. ਨਰਿੰਦਰ ਕਪੂਰ ਆਖਦੇ ਹਨ ਕਿ ਘੱਟ ਬੋਲੇ ਤੇ ਵੱਧ ਸੁਣੇ ਦਾ ਕਦੇ ਪਛਤਾਵਾ ਨਹੀਂ ਹੁੰਦਾ। ਔਰਤਾਂ ਵੱਧ ਸੁਣਦੀਆਂ ਹਨ। ਪਹਿਲਾਂ ਪਿਤਾ, ਫੇਰ ਪਤੀ, ਪੁੱਤਰ, ਸੱਸ, ਸਹੁਰਾ ਸਭ ਦੀਆਂ ਸੁਨਣ ਦੀ ਸਿਖਲਾਈ ਮਿਲਦੀ ਹੈ। ਬਜ਼ੁਰਗ ਆਪਣੇ ਤਜਰਬੇ ਅਤੇ ਦੋਹੀ-ਦੁੱਖ ਦੀ ਬਾਤ ਦੁਹਰਾ ਕੇ ਦੁਆਲ਼ੇ ਸੁਨਣ ਦੀ ਸ਼ਕਤੀ ਪਰਖਦੇ ਹਨ। ਬੁਢਾਪੇ ਕਰ ਕੇ ਹਰ ਸਵਾਲ ਦਾ ਉੱਤਰ ਹੁੰਦੈ ਪਰ ਪ੍ਰਸ਼ਨ ਕਰਤਾ ਕੋਲ਼ ਨਹੀਂ ਖੜ੍ਹਦਾ। ਇਕੱਲ ਸਮੇਂ ਸ਼ਾਂਤ ਥਾਂ 'ਤੇ ਡਿਗਦੇ ਪਾਣੀ ਦਾ ਸ਼ੋਰ ਸਾਨੂੰ ਧਰਵਾਸ ਬਖ਼ਸ਼ਦਾ ਹੈ। ਬੱਚੇ ਦੀਆਂ ਆਲ਼ੀਆਂ ਭੋਲ਼ੀਆਂ ਬੇ-ਅਰਥ ਗੱਲਾਂ ਸੁਣ ਕੇ ਵੀ ਮਾਂ ਦਾ ਕਾਲ਼ਜਾ ਠਰਦਾ ਹੈ। ਨੇਤਰਹੀਣ ਲੋਕ ਆਵਾਜ਼ਾਂ ਨਾਲ਼ ਹੀ ਠੀਕ ਅਨੁਮਾਨ ਲਗਾ ਲੈਂਦੇ ਹਨ। ਕੁੱਝ ਵੀ ਹੋਵੇ, ਸਾਡੇ ਕੋਲ਼ ਅਜਿਹੀ ਰੁਚੀ ਅਤੇ ਸਮਰੱਥਾ ਹੋਣੀ ਚਾਹੀਦੀ ਹੈ ਕਿ ਇੱਕ ਨਾ ਵੀ ਕਹੇ ਪਰ ਸਾਨੂੰ ਸੁਣਦਾ ਰਹੇ। ਇਹ ਕਾਵਿ-ਸਤਰਾਂ ਇਸ ਦੀ ਪੁਸ਼ਟੀ ਕਰਦੀਆਂ ਹਨ -

**ਜਦ ਕਿਸੇ ਨਾ ਸੁਣੀ ਅਸੀਂ**
**ਆਪੇ ਬਾਤ ਪਾ ਲਈ ਤਾਰਿਆਂ ਦੇ ਨਾਲ਼**
**ਸਾਡੇ ਨਿੱਘੇ ਨਿੱਘੇ ਸਾਹਾਂ ਨੇ ਮਘਾਈ ਸੀ ਬਾਤ**
**ਜਿਹੜੀ ਪੂਰੀ ਹੋਈ ਤੁਹਾਡੇ ਹੁੰਗਾਰਿਆਂ ਦੇ ਨਾਲ਼।**

# ਐਲੋਵੀਰਾ ਦੀ ਖੇਤੀ - ਅੱਜ ਦੇ ਸਮੇਂ ਦੀ ਲੋੜ

ਅੱਜ ਦੇ ਸਮੇਂ ਵਿੱਚ ਖੇਤੀਬਾੜੀ ਸੈਕਟਰ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਮਿੱਟੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਪਾਣੀ ਦੀ ਕਮੀ ਵਧ ਰਹੀ ਹੈ ਅਤੇ ਪਰੰਪਰਾਗਤ ਫਸਲਾਂ ਤੋਂ ਮਿਲਣ ਵਾਲੀ ਆਮਦਨ ਵੀ ਘਟਦੀ ਜਾ ਰਹੀ ਹੈ। ਇਸ ਸਥਿਤੀ ਵਿੱਚ ਕਿਸਾਨਾਂ ਨੂੰ ਅਜਿਹੀਆਂ ਫਸਲਾਂ ਦੀ ਲੋੜ ਹੈ ਜੋ ਘੱਟ ਖਰਚੇ ਨਾਲ ਵਧੀਆ ਮੁਨਾਫਾ ਦੇ ਸਕਣ। ਐਲੋਵੀਰਾ (ਘੀਕਵਾਰ) ਇੱਕ ਅਜਿਹੀ ਹੀ ਫਸਲ ਹੈ ਜੋ ਅੱਜ ਦੇ ਸਮੇਂ ਦੀ ਲੋੜ ਬਣ ਚੁੱਕੀ ਹੈ।

1. ਖੇਤੀ ਵਿੱਚ ਆ ਰਹੀਆਂ ਸਮੱਸਿਆਵਾਂ ਅਤੇ ਹੱਲ ਵਜੋਂ ਐਲੋਵੀਰਾ, ਪੰਜਾਬ ਸਮੇਤ ਭਾਰਤ ਦੇ ਕਈ ਰਾਜਾਂ ਵਿੱਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਚਾਵਲ ਅਤੇ ਕਣਕ ਵਰਗੀਆਂ ਫਸਲਾਂ ਬਹੁਤ ਪਾਣੀ ਖਪਾਉਂਦੀਆਂ ਹਨ, ਜਿਸ ਨਾਲ ਭੂਗਰਭ ਜਲ ਦੀ ਘਾਟ ਹੋ ਰਹੀ ਹੈ। ਇਸਦੇ ਉਲਟ ਐਲੋਵੀਰਾ ਇੱਕ ਅਜਿਹੀ ਫਸਲ ਹੈ ਜੋ ਘੱਟ ਪਾਣੀ ਵਿੱਚ ਵੀ ਆਸਾਨੀ ਨਾਲ ਉੱਗ ਜਾਂਦੀ ਹੈ। ਇਸ ਲਈ ਇਹ ਪਾਣੀ ਦੀ ਕਮੀ ਵਾਲੇ ਇਲਾਕਿਆਂ ਲਈ ਬਹੁਤ ਹੀ ਉਚਿਤ ਵਿਕਲਪ ਹੈ।

**2. ਘੱਟ ਲਾਗਤ - ਵੱਧ ਮੁਨਾਫਾ**

ਐਲੋਵੀਰਾ ਦੀ ਖੇਤੀ ਵਿੱਚ ਖਰਚਾ ਬਹੁਤ ਘੱਟ ਹੁੰਦਾ ਹੈ। ਇਸ ਵਿੱਚ ਨਾ ਤਾਂ ਮਹਿੰਗੀਆਂ ਖਾਦਾਂ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਵੱਧ ਕੀਟਨਾਸ਼ਕਾਂ ਦੀ। ਇੱਕ ਵਾਰ ਪੌਦੇ ਲਗਾ ਦਿੱਤੇ ਜਾਣ ਤਾਂ 3-4 ਸਾਲ ਤੱਕ ਫਸਲ ਮਿਲਦੀ ਰਹਿੰਦੀ ਹੈ। ਇਸ ਕਰਕੇ ਕਿਸਾਨਾਂ ਨੂੰ ਵਾਰ-ਵਾਰ ਖਰਚਾ ਨਹੀਂ ਕਰਨਾ ਪੈਂਦਾ। ਘੱਟ ਲਾਗਤ ਅਤੇ ਲੰਮੇ ਸਮੇਂ ਦੀ ਆਮਦਨ ਇਸਨੂੰ ਬਹੁਤ ਲਾਹੇਵੰਦ ਬਣਾਉਂਦੇ ਹਨ।

**3. ਬਾਜ਼ਾਰ ਵਿੱਚ ਵਧਦੀ ਮੰਗ**

ਅੱਜਕੱਲ੍ਹ ਲੋਕ ਸਿਹਤ ਪ੍ਰਤੀ ਜਾਗਰੂਕ ਹੋ ਰਹੇ ਹਨ। ਹਰ ਕੋਈ ਕੁਦਰਤੀ ਅਤੇ ਜੜੀ-ਬੂਟੀ ਵਾਲੇ ਉਤਪਾਦਾਂ ਦੀ ਵਰਤੋਂ ਕਰਨਾ ਚਾਹੁੰਦਾ ਹੈ। ਐਲੋਵੀਰਾ ਦਾ ਵਰਤੋਂ ਜੂਸ, ਜੈਲ, ਕ੍ਰੀਮ, ਸ਼ੈਂਪੂ ਅਤੇ ਦਵਾਈਆਂ ਵਿੱਚ ਹੁੰਦਾ ਹੈ। ਕਾਸਮੇਟਿਕ ਉਦਯੋਗ ਅਤੇ ਦਵਾਈ ਉਦਯੋਗ ਵਿੱਚ ਇਸਦੀ ਮੰਗ ਲਗਾਤਾਰ ਵੱਧ ਰਹੀ ਹੈ। ਇਸ ਕਰਕੇ ਕਿਸਾਨਾਂ ਨੂੰ ਇਸਦੀ ਵਿਕਰੀ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ।

**4. ਮਿੱਟੀ ਅਤੇ ਮੌਸਮ ਲਈ ਉਚਿਤ ਫਸਲ**

ਐਲੋਵੀਰਾ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਲਗਭਗ ਹਰ ਕਿਸਮ ਦੀ ਮਿੱਟੀ ਵਿੱਚ ਉੱਗ ਸਕਦਾ ਹੈ। ਰੇਤਲੀ, ਦੋਮਟ ਜਾਂ ਹਲਕੀ ਪੱਥਰੀਲੀ ਮਿੱਟੀ ਵਿੱਚ ਵੀ ਇਸਦਾ ਵਾਧਾ ਠੀਕ ਰਹਿੰਦਾ ਹੈ। ਇਹ ਗਰਮੀ ਨੂੰ ਵੀ ਸਹਾਰ ਲੈਂਦਾ ਹੈ ਅਤੇ ਘੱਟ ਪਾਣੀ ਵਿੱਚ ਵੀ ਜੀਵਤ ਰਹਿੰਦਾ ਹੈ। ਇਸ ਕਰਕੇ ਇਹ ਸੁੱਕੇ ਇਲਾਕਿਆਂ ਵਿੱਚ ਵੀ ਸਫਲਤਾ ਨਾਲ ਉਗਾਇਆ ਜਾ ਸਕਦਾ ਹੈ।

**5. ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਸਹਾਇਕ**

ਐਲੋਵੀਰਾ ਦੀ ਖੇਤੀ ਸਿਰਫ ਕਿਸਾਨਾਂ ਲਈ ਹੀ ਨਹੀਂ, ਸਗੋਂ ਨੌਜਵਾਨਾਂ ਲਈ ਵੀ ਇੱਕ ਵਧੀਆ ਰੋਜ਼ਗਾਰ ਦਾ ਸਾਧਨ ਬਣ ਸਕਦੀ ਹੈ। ਇਸ ਨਾਲ ਛੋਟੇ-ਛੋਟੇ ਉਦਯੋਗ ਜਿਵੇਂ ਕਿ ਐਲੋਵੀਰਾ ਜੈਲ, ਜੂਸ ਅਤੇ ਕ੍ਰੀਮ ਬਣਾਉਣ ਵਾਲੀਆਂ ਯੂਨਿਟਾਂ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ। ਇਸ ਨਾਲ ਪਿੰਡਾਂ ਵਿੱਚ ਰੋਜ਼ਗਾਰ ਦੇ ਮੌਕੇ ਵਧਦੇ ਹਨ।

**6. ਸਿਹਤ ਲਈ ਲਾਭਦਾਇਕ ਪੌਦਾ**

ਐਲੋਵੀਰਾ ਸਿਰਫ ਇੱਕ ਫਸਲ ਨਹੀਂ, ਸਗੋਂ ਇੱਕ ਔਸ਼ਧੀ ਪੌਦਾ ਵੀ ਹੈ। ਇਸਦਾ ਜੈਲ ਚਮੜੀ ਦੀ ਸੰਭਾਲ, ਪੇਟ ਦੀਆਂ ਬਿਮਾਰੀਆਂ ਅਤੇ ਰੋਗ-ਰੋਕੂ ਸ਼ਕਤੀ ਵਧਾਉਣ ਵਿੱਚ ਮਦਦ ਕਰਦਾ ਹੈ। ਇਸ ਕਰਕੇ ਇਸਦੀ ਮਹੱਤਤਾ ਦਿਨੋਂ-ਦਿਨ ਵਧਦੀ ਜਾ ਰਹੀ ਹੈ।

**7. ਖੇਤੀ ਦੀ ਸਧਾਰਣ ਪ੍ਰਕਿਰਿਆ**

ਐਲੋਵੀਰਾ ਦੀ ਖੇਤੀ ਕਰਨਾ ਬਹੁਤ ਆਸਾਨ ਹੈ।
ਪੌਦੇ (ਸੱਕਰ) ਨਾਲ ਲਗਾਈ ਜਾਂਦੀ ਹੈ
ਘੱਟ ਪਾਣੀ ਦੀ ਲੋੜ ਹੁੰਦੀ ਹੈ
ਘੱਟ ਸੰਭਾਲ ਨਾਲ ਵੀ ਵਧੀਆ ਉਤਪਾਦਨ ਮਿਲਦਾ ਹੈ
ਇਹ ਨਵੇਂ ਕਿਸਾਨਾਂ ਲਈ ਵੀ ਸਹੀ ਚੋਣ ਹੈ।

**8. ਵਾਤਾਵਰਣ ਲਈ ਫਾਇਦੇਮੰਦ**

ਐਲੋਵੀਰਾ ਦੀ ਖੇਤੀ ਵਾਤਾਵਰਣ ਲਈ ਵੀ ਚੰਗੀ ਮੰਨੀ ਜਾਂਦੀ ਹੈ। ਇਸ ਵਿੱਚ ਰਸਾਇਣਕ ਖਾਦਾਂ ਦੀ ਘੱਟ ਲੋੜ ਹੁੰਦੀ ਹੈ, ਜਿਸ ਨਾਲ ਮਿੱਟੀ ਦੀ ਗੁਣਵੱਤਾ ਬਰਕਰਾਰ ਰਹਿੰਦੀ ਹੈ। ਇਸ ਨਾਲ ਪਾਣੀ ਦੀ ਬਚਤ ਵੀ ਹੁੰਦੀ ਹੈ, ਜੋ ਕਿ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

**9. ਹੋਰ ਫਸਲਾਂ ਨਾਲ ਤੁਲਨਾ**

ਜੇਕਰ ਅਸੀਂ ਚਾਵਲ ਜਾਂ ਗੰਨੇ ਵਰਗੀਆਂ ਫਸਲਾਂ ਨਾਲ ਤੁਲਨਾ ਕਰੀਏ ਤਾਂ ਉਹਨਾਂ ਵਿੱਚ ਖਰਚਾ ਜ਼ਿਆਦਾ ਅਤੇ ਮਿਹਨਤ ਵੀ ਵੱਧ ਹੁੰਦੀ ਹੈ। ਉੱਥੇ ਐਲੋਵੀਰਾ ਘੱਟ ਸੰਭਾਲ ਨਾਲ ਵੀ ਵਧੀਆ ਆਮਦਨ ਦੇ ਸਕਦਾ ਹੈ। ਇਸ ਲਈ ਇਹ ਬਦਲਦੇ ਖੇਤੀ ਪ੍ਰਣਾਲੀ ਵਿੱਚ ਇੱਕ ਵਧੀਆ ਵਿਕਲਪ ਹੈ।

**10. ਕਿਸਾਨਾਂ ਲਈ ਸੁਝਾਅ**

ਮਾਰਕੀਟ ਦੀ ਮੰਗ ਦੇ ਅਨੁਸਾਰ ਖੇਤੀ ਕਰੋ, ਕਿਸੇ ਕੰਪਨੀ ਨਾਲ ਪਹਿਲਾਂ ਸੰਪਰਕ ਬਣਾਓ, ਜੈਵਿਕ ਤਰੀਕੇ ਅਪਣਾਓ,
ਖੇਤੀ ਨਾਲ ਨਾਲ ਪ੍ਰੋਸੈਸਿੰਗ (ਜੈਲ/ਜੂਸ ਬਣਾਉਣਾ) ਵੀ ਸ਼ੁਰੂ ਕਰੋ ।

ਨਤੀਜਾ -

ਅੱਜ ਦੇ ਸਮੇਂ ਵਿੱਚ ਐਲੋਵੀਰਾ ਦੀ ਖੇਤੀ ਇੱਕ ਲੋੜ ਬਣ ਗਈ ਹੈ। ਪਾਣੀ ਦੀ ਕਮੀ, ਵਧਦੇ ਖਰਚੇ ਅਤੇ ਘਟਦੀ ਆਮਦਨ ਦੇ ਮਾਹੌਲ ਵਿੱਚ ਇਹ ਫਸਲ ਕਿਸਾਨਾਂ ਲਈ ਇੱਕ ਨਵਾਂ ਰਾਹ ਖੋਲ੍ਹਦੀ ਹੈ। ਇਹ ਨਾ ਸਿਰਫ ਕਿਸਾਨਾਂ ਦੀ ਆਮਦਨ ਵਧਾਉਂਦੀ ਹੈ, ਸਗੋਂ ਵਾਤਾਵਰਣ ਦੀ ਰੱਖਿਆ ਵਿੱਚ ਵੀ ਯੋਗਦਾਨ ਪਾਉਂਦੀ ਹੈ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਐਲੋਵੀਰਾ ਦੀ ਖੇਤੀ ਭਵਿੱਖ ਦੀ ਖੇਤੀ ਹੈ ਅਤੇ ਹਰ ਕਿਸਾਨ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

**ਡਾ. ਰਾਏ ਸਿੰਘ ਢਿੱਲੋਂ (9501889375)**
**ਪਿੰਡ ਸੰਗਤਪੁਰਾ ਫਰੀਦਕੋਟ**

# ਦਸਤਾਰ : ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ

ਕਰਨੈਲ ਸਿੰਘ ਐਮਏ

ਸਿੱਖ ਧਰਮ ਦੇ ਮੋਢੀ ਸ਼੍ਰੀ ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਸਿਰ ਤੇ ਦਸਤਾਰ ਸਜਾਉਂਦੇ ਸਨ। ਜਨਮਸਾਖੀਆਂ ਅਨੁਸਾਰ ਜਦੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਪੂਰਬ ਵੱਲ ਗਏ ਤਾਂ ਬਿਸ਼ੰਭਪੁਰ ਨਗਰ ਵਿਖੇ ਉਹਨਾਂ ਦਾ ਮਿਲਾਪ ਸਾਲਸ ਰਾਏ ਚੌਧਰੀ ਨਾਲ ਹੋਇਆ। ਉਸ ਦੀ ਸ਼ਰਧਾ ਵੇਖ ਕੇ ਗੁਰੂ ਨਾਨਕ ਨੇ ਉਸ ਨੂੰ ਦਸਤਾਰ ਬਖ਼ਸ਼ਿਸ਼ ਕੀਤੀ ਅਤੇ ਸਿੱਖ ਧਰਮ ਦਾ ਪ੍ਰਚਾਰਕ ਨਿਯੁਕਤ ਕੀਤਾ। ਛੇਵੇਂ ਗੁਰੂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰੀ ਢਾਡੀ ਭਾਈ ਅਬਦੁੱਲਾ ਜੀ ਤੇ ਭਾਈ ਨੱਥ ਮੱਲ ਜੀ ਗੁਰੂ ਸਾਹਿਬ ਦੀ ਦਸਤਾਰ ਦੀ ਸੋਭਾ ਬਿਆਨਦੇ ਹੋਏ ਲਿਖਦੇ ਹਨ।

ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ।

ਇੱਕ ਅਜ਼ਮਤ ਦੀ ਇੱਕ ਰਾਜ ਦੀ ਇੱਕ ਰਾਖੀ ਕਰੇ ਵਜ਼ੀਰ ਦੀ।

ਪੱਗ ਤੇਰੀ ਕਿ ਜਹਾਂਗੀਰ ਦੀ।

ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿੱਚ ਵਿਸਾਖੀ ਵਾਲੇ ਦਿਨ ਦਸਤਾਰ ਨੂੰ ਸਿੱਖੀ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਇਸ ਦਾ ਜ਼ਿਕਰ ਭਾਈ ਦੇਸਾ ਸਿੰਘ ਦੇ ਰਹਿਤਨਾਮਿਆਂ, ਭਾਈ ਨੰਦ ਲਾਲ ਜੀ ਦੇ ਤਨਖਾਹਨਾਮੇ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿੱਚ ਮਿਲਦਾ ਹੈ। ਵਿਸਾਖੀ ਵਾਲੇ ਦਿਨ ਦਰਸ਼ਨ ਕਰਨ ਆਏ ਮਸੰਦਾਂ ਨੂੰ ਦਸਤਾਰ ਦੀ ਬਖ਼ਸ਼ਿਸ਼ ਕਰਕੇ ਵਿਦਾ ਕੀਤਾ ਜਾਂਦਾ ਸੀ।

ਭਾਈ ਚੌਪਾ ਸਿੰਘ ਨੇ ਵੀ ਦਸਤਾਰ ਬਾਰੇ ਲਿਖਿਆ ਹੈ।



ਪੱਗ ਰਾਤੀਂ ਲਾਹ ਕੇ ਸੌਂਵੇਂ, ਸੋ ਭੀ ਤਨਖਾਹੀਆ।
ਨੰਗੇ ਕੇਸੀਂ ਫਿਰੇ ਰਵਾਲ ਪਾਏ, ਸੋ ਭੀ ਤਨਖਾਹੀਆ।
ਨੰਗੇ ਕੇਸੀਂ ਮਾਰਗ ਟੁਰੇ, ਸੋ ਭੀ ਤਨਖਾਹੀਆ।
ਨੰਗੇ ਕੇਸੀਂ ਭੋਜਨ ਕਰੇ, ਸੋ ਭੀ ਤਨਖਾਹੀਆ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦਸਤਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦੀ ਸੰਗਿਆ ਪੱਗ ਹੈ। ਪੱਗ ਨੂੰ ਪਗੜੀ ਤੇ ਦਸਤਾਰ ਵੀ ਕਿਹਾ ਜਾਂਦਾ ਹੈ। ਸਾਬਤ ਸੂਰਤ ਰਹਿਣਾ ਹੀ ਸਿਰ ਤੇ ਦਸਤਾਰ ਸਜਾਉਣੀ ਹੈ। ਵਿਦੇਸ਼ਾਂ ਵਿੱਚ ਖ਼ਾਸ ਕਰਕੇ ਯੂਰਪੀ ਦੇਸ਼ਾਂ ਵਿੱਚ ਭਾਰਤੀ ਸਿੱਖ ਦੀ ਪਹਿਲੀ ਪਛਾਣ ਪੱਗ ਤੋਂ ਹੁੰਦੀ ਹੈ। ਸਿੱਖ ਸਿਰ ਦਸਤਾਰ ਨੇ ਅੱਜ ਤੱਕ ਪਹੁੰਚਣ ਲਈ ਇਤਿਹਾਸ ਨੇ ਕਈ ਮੋੜ ਕੱਟੇ ਹਨ। ਨਾਮਧਾਰੀ ਦਸਤਾਰ ਵੀ ਦੋ ਨੁੱਕਰੀ ਦਸਤਾਰ ਦਾ ਹੀ ਰੂਪ ਹੈ।

ਦਸਤਾਰ ਸਿੱਖ ਦੀ ਸ਼ਾਨ ਹੀ ਨਹੀਂ ਇਸ ਦੀ ਵਰਤੋਂ ਇੱਕ ਸਿੱਖ ਲਈ ਧਾਰਮਿਕ ਤੌਰ 'ਤੇ ਵੀ ਜ਼ਰੂਰੀ ਹੈ। ਸਿੱਖ ਨੰਗੇ ਸਿਰ ਨਹੀਂ ਰਹਿੰਦਾ, ਘਰ ਵਿੱਚ ਜਾਂ ਸੈਰ ਕਰਨ ਵੇਲੇ ਵੀ ਛੋਟੀ ਦਸਤਾਰ ਸਿਰ 'ਤੇ ਜ਼ਰੂਰ ਰੱਖਦਾ ਹੈ। ਦਸਤਾਰ ਨਾਲ ਹੀ ਸਿੱਖ ਦੀ ਪਹਿਚਾਨ ਹੈ। ਦਸਤਾਰ ਨੂੰ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਿਤ ਕੀਤਾ ਗਿਆ ਹੈ। ਸਿੱਖ ਦਸਤਾਰ ਨੂੰ ਇਕੱਲਾ-ਇਕੱਲਾ ਪੇਚ ਕਰਕੇ ਲੜਾਂ ਨੂੰ ਚਿਣ-ਚਿਣ ਕੇ ਬੰਨ੍ਹੇ ਤੇ ਇਕੱਲਾ-ਇਕੱਲਾ ਲੜ ਕਰਕੇ ਉਤਾਰੇ, ਨਾ ਹੀ ਟੋਪੀ ਦੀ ਤਰ੍ਹਾਂ ਉਤਾਰੇ ਅਤੇ ਨਾ ਹੀ ਟੋਪੀ ਦੀ ਤਰ੍ਹਾਂ ਰੱਖੇ। ਕਈ ਨੌਜਵਾਨਾਂ ਨੇ ਕੇਸ ਰੱਖੇ ਹੁੰਦੇ ਹਨ ਪਰ ਉਹ ਪਟਕਾ ਬੰਨ੍ਹਦੇ ਹਨ ਜਾਂ ਟੋਪੀ ਪਾਉਂਦੇ ਹਨ। ਜੇਕਰ ਉਹਨਾਂ ਨੂੰ ਦਸਤਾਰ ਸਜਾਉਣ ਲਈ ਕਿਹਾ ਜਾਵੇ ਤਾਂ ਉਹ ਕਹਿੰਦੇ ਹਨ ਕਿ ਦਸਤਾਰ ਸਜਾਉਣ ਨਾਲ ਸਿਰ ਦਰਦ ਹੋਣ ਲੱਗ ਜਾਂਦਾ ਹੈ, ਜਾਂ ਦਸਤਾਰ ਸਜਾਉਣ ਤੇ ਸਮਾਂ ਬਹੁਤ ਲੱਗਦਾ ਹੈ। ਸਾਡੇ ਦੇਸ਼ ਦੇ ਕਈ ਹਾਕੀ ਖਿਡਾਰੀ ਪਟਕਾ ਬੰਨ੍ਹ ਕੇ ਮੈਚ ਖੇਡਦੇ ਹਨ ਜਦਕਿ ਨਾਮਧਾਰੀ ਹਾਕੀ ਇਲੈਵਨ ਟੀਮ ਦੇ ਖਿਡਾਰੀ ਦਸਤਾਰ ਸਜਾ ਕੇ ਮੈਚ ਖੇਡਦੇ ਹਨ। ਸਾਰੇ ਖਿਡਾਰੀ ਸਾਬਤ ਸੂਰਤ ਤੇ ਕਛਹਿਰੇ ਪਾ ਕੇ ਪ੍ਰੇਮ-ਪਿਆਰ ਨਾਲ ਖੇਡਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਰੋਪੜ ਦੇ ਵੀ ਕਈ ਖਿਡਾਰੀ ਵੱਖ-ਵੱਖ ਖੇਡਾਂ ਵਿੱਚ ਦਸਤਾਰ ਸਜਾ ਕੇ ਮੈਚ ਖੇਡਦੇ ਹਨ।

ਦਸਤਾਰ ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ ਹੈ। ਇਹ ਗੱਲ ਆਮ ਸੁਣਨ ਵਿੱਚ ਆਉਂਦੀ ਹੈ ਕਿ ਦੇਖੀਂ ! ਪੱਗ ਨੂੰ ਦਾਗ਼ ਨਾ ਲੱਗਣ ਦੇਈਂ। ਅੱਜ ਨੌਜਵਾਨ ਆਪਣੇ ਅਮੀਰ ਵਿਰਸੇ ਤੋਂ ਅਨਜਾਣ, ਗੁੰਮਰਾਹ ਹੋ ਕੇ ਧੜਾ-ਧੜ ਕੇਸਾਂ ਦੀ ਬੇਅਦਬੀ ਕਰ ਰਹੇ ਹਨ। ਕਈ ਨੌਜਵਾਨਾਂ, ਵਿਅਕਤੀਆਂ ਨੇ ਕੇਸ ਰੱਖੇ ਹੁੰਦੇ ਹਨ, ਦਾੜ੍ਹੀ ਕੱਟੀ ਹੁੰਦੀ ਹੈ ਜਾਂ ਕਰਲ ਕੀਤੀ ਹੁੰਦੀ ਹੈ ਜਾਂ ਟ੍ਰਿਮ ਕਰਦੇ ਹਨ ਪਰ ਉਹ ਸਿਰ ਤੇ ਦਸਤਾਰ ਸਜਾਉਂਦੇ ਹਨ। ਕਈ ਵਿਅਕਤੀ ਸਿਰ ਤੇ ਦਸਤਾਰ ਸਜਾਉਂਦੇ ਹਨ, ਦਾੜ੍ਹੀ ਵੀ ਖੁੱਲ੍ਹੀ ਤੇ ਲੰਮੀ ਰੱਖੀ ਹੁੰਦੀ ਹੈ। ਤਮਾਕੂ, ਪਾਨ ਚੱਬਦੇ ਵੇਖੇ ਹਨ, ਸ਼ਰਾਬ ਪੀਂਦੇ ਹਨ। ਲਾਹਨਤ ਹੈ ਅਜਿਹੀ ਜਵਾਨੀ ਤੇ, ਚੰਗੇ ਭਲੇ ਗੁਰਸਿੱਖ ਪਰਿਵਾਰਾਂ ਦੇ ਨੌਜਵਾਨ, ਕਾਲਜੀਏਟ ਅਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲਿਆਂ ਨੂੰ ਵੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਐਡਾ ਸੋਹਣਾ ਨੌਜਵਾਨ ਤੇ ਇਹੋ ਜਿਹੇ ਕਾਰੇ ਕਰਦਾ ਹੈ। ਸਿਰ ਉੱਤੇ ਦਸਤਾਰ ਹੋਵੇ ਤੇ ਹੱਥ ਵਿੱਚ ਸਿਗਰਟ ਜਾਂ ਬੀੜੀ ਹੋਵੇ ਤਾਂ ਸਹਿਜ ਸੁਭਾਅ ਹੀ ਮੂੰਹੋਂ ਨਿਕਲਦਾ ਹੈ ਕਿ 'ਕੀ ਥੁੜਿਆ ਪਿਐ ਹੈ ਅਜਿਹੇ ਜੀਣ ਖੁਣੋਂ ?'

ਧਾਰਮਿਕ ਸਕੂਲਾਂ ਵਿੱਚ ਬੱਚੇ ਛੋਟੀ ਦਸਤਾਰ ਸਜਾ ਕੇ ਆਉਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਹਰੇਕ ਸਕੂਲ ਵਿੱਚ ਗੁਰਸਿੱਖ ਬੱਚੇ ਪਟਕੇ ਦੀ ਥਾਂ ਦਸਤਾਰ ਸਜਾ ਕੇ ਆਉਣ। ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਸਕੂਲਾਂ, ਕਾਲਜਾਂ ਵਿੱਚ ਦਸਤਾਰਧਾਰੀ ਲੜਕਾ-ਲੜਕੀ ਨੂੰ ਦਾਖ਼ਲਾ ਵੀ ਨਹੀਂ ਦਿੱਤਾ ਜਾਂਦਾ। ਵਿਦੇਸ਼ਾਂ ਵਿੱਚ ਕਈ ਵਿੱਦਿਅਕ ਅਦਾਰਿਆਂ ਵਿੱਚ ਦਸਤਾਰ ਸਜਾ ਕੇ ਆਉਣ ਦੀ ਮਨਾਹੀ ਹੈ। ਇਸ ਲਈ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਨੂੰ ਇਸ ਸੰਬੰਧੀ ਆਵਾਜ਼ ਉਠਾ ਕੇ ਦਸਤਾਰ ਦੀ ਮਹਾਨਤਾ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ।

ਸਿੱਖ ਲਈ ਦਸਤਾਰ ਦੀ ਵਿਸ਼ੇਸ਼ ਮਹੱਤਤਾ ਹੈ। ਦਸਤਾਰ ਬੰਨ੍ਹਣ ਲਈ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦਾ ਹੈ। ਦਸਤਾਰ ਸਿੱਖ ਲਈ ਕੋਈ ਸਧਾਰਨ ਚਿੰਨ੍ਹ ਨਹੀਂ ਸਗੋਂ ਸਿੱਖ ਦੀ ਹਸਤੀ ਇਸ ਨਾਲ ਜੁੜੀ ਹੋਈ ਹੈ। ਅੰਮ੍ਰਿਤਧਾਰੀ ਸਿੰਘ ਦੀ ਜੇਕਰ ਕਿਤੇ ਦਸਤਾਰ ਲੱਥ ਜਾਵੇ ਤਾਂ ਉਹ ਮਰ-ਮਿਟਣ ਲਈ ਮਜ਼ਬੂਰ ਹੋ ਜਾਂਦਾ ਹੈ। ਦਸਤਾਰ ਦੀ ਕਈ ਧਾਰਮਿਕ ਸਮਾਗਮਾਂ, ਧਰਨਿਆਂ, ਜਲਸਿਆਂ ਤੇ ਗੁਰਦੁਆਰਿਆਂ ਵਿੱਚ ਖਿੱਚ-ਧੂਹ ਵੀ ਹੁੰਦੀ ਵੇਖੀ ਹੈ। ਦਸਤਾਰ ਸਤਿਗੁਰਾਂ ਵੱਲੋਂ ਬਖ਼ਸ਼ਿਆ ਮਹਾਨ ਚਿੰਨ੍ਹ ਹੈ ਜਿਸ ਨਾਲ ਸਿੱਖ ਲੱਖਾਂ ਦੀ ਗਿਣਤੀ ਵਿੱਚ ਵੀ ਖੜ੍ਹਾ ਪਛਾਣਿਆ ਜਾਂਦਾ ਹੈ। ਗੁਰੂ ਸਾਹਿਬਾਂ ਨੇ ਸਿੱਖਾਂ ਨੂੰ ਕੇਸਾਂ ਅਤੇ ਦਸਤਾਰ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ। ਵਿਦੇਸ਼ਾਂ (ਇੰਗਲੈਂਡ) ਵਿੱਚ ਸਿੱਖਾਂ ਦੇ ਧਾਰਮਿਕ ਜ਼ਜਬਾਤਾਂ ਦੀ ਕਦਰ ਕਰਦਿਆਂ ਇਹਨਾਂ ਨੂੰ ਕੇਸ-ਦਾੜ੍ਹੀਆਂ ਰੱਖ ਕੇ, ਦਸਤਾਰ ਸਜਾ ਕੇ, ਨੌਕਰੀ ਕਰਨ, ਵਾਹਨ ਚਲਾਉਣ ਤੇ ਵਰਦੀ ਪਾਉਣ, ਸਮਾਜਿਕ, ਧਾਰਮਿਕ, ਭਾਈਚਾਰਕ ਇਕੱਠਾਂ ਵਿੱਚ ਜਾਣ ਦੀ ਖੁੱਲ੍ਹ ਦਿੱਤੀ ਹੈ।



ਗੁਰਦੁਆਰਾ ਦਸਤਾਰ ਅਸਥਾਨ ਪਾਉਂਟਾ ਸਾਹਿਬ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ/ਸੇਵਕਾਂ ਵਿੱਚ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਇਆ ਕਰਦੇ ਸਨ। ਸਭ ਤੋਂ ਸੁੰਦਰ ਦਸਤਾਰ ਸਜਾਉਣ ਵਾਲੇ ਨੂੰ ਇਨਾਮ ਤੇ ਸਨਮਾਨ ਦਿੰਦੇ ਸਨ। ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ ਹਰ ਸਾਲ ਭਾਈ ਜਗਤਾ ਰਾਮ, ਮਹੰਤ ਆਸਾ ਸਿੰਘ, ਮਹੰਤ ਤੀਰਥ ਸਿੰਘ, ਸੰਤ ਹਰਪਾਲ ਸਿੰਘ 'ਸੇਵਾਪੰਥੀ' ਦੀ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ ਤੇ ਯੱਗ-ਭੰਡਾਰੇ ਦੇ ਸ਼ੁੱਭ ਅਵਸਰ 'ਤੇ 12 ਜਨਵਰੀ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸਨਮਾਨ ਚਿੰਨ੍ਹ ਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਸੰਤ ਬਾਬਾ ਰਾਮਪਾਲ ਸਿੰਘ ਜੀ ਵੱਲੋਂ ਆਪਣੇ ਪੂਜਨੀਕ ਪਿਤਾ ਸੰਤ ਬਾਬਾ ਗੁਲਜਾਰ ਸਿੰਘ ਜੀ ਦੀ ਸਾਲਾਨਾ ਬਰਸੀ 'ਤੇ ਪਿੰਡ ਝਾਂਡੇ ਜ਼ਿਲ੍ਹਾ ਲੁਧਿਆਣਾ ਵਿਖੇ 3 ਦਸੰਬਰ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਸਿਰੋਪਾਉ, ਸਨਮਾਨ ਚਿੰਨ੍ਹ ਤੇ ਕ੍ਰਮਵਾਰ 5100, 3100, 2100 ਰੁਪਏ ਨਕਦ ਰਕਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਪਿੰਡਾਂ/ਸ਼ਹਿਰਾਂ/ਨਗਰਾਂ ਵਿੱਚ ਵੱਖ-ਵੱਖ ਸਮੇਂ ਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾ ਕੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਨਾਲ ਜੋੜੋ ਤੇ ਦਸਤਾਰ ਦੀ ਮਹਾਨਤਾ ਬਾਰੇ ਵਿਦਿਆਰਥੀਆਂ/ਬੱਚਿਆਂ ਨੂੰ ਜਾਣੂੰ ਕਰਵਾਉ।

ਦਸਤਾਰ ਸਿੱਖ ਦੀ ਆਨ, ਸ਼ਾਨ, ਪਹਿਚਾਨ ਤੇ ਈਮਾਨ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਫ਼ਰੀਦਕੋਟ-ਸ਼੍ਰੀ ਮੁਕਤਸਰ ਸਾਹਿਬ-ਬਠਿੰਡਾ ਜੋਨ ਵੱਲੋਂ ਹਰ ਸਾਲ ਦਸਤਾਰ ਦਿਵਸ ਤੋਂ ਹਫ਼ਤਾ-ਦਸ ਦਿਨ ਪਹਿਲਾਂ 'ਦਸਤਾਰ ਚੇਤਨਾ ਮਾਰਚ' ਕੱਢਿਆ ਜਾਂਦਾ ਹੈ। ਚੇਤਨਾ ਮਾਰਚ ਵਿੱਚ 'ਜੇ ਤਖ਼ਤ ਨਹੀਂ ਤਾਜ਼ ਨਹੀਂ ਤਾਂ ਕਿੰਗ ਨਹੀਂ, ਜੇ ਕੇਸ ਨਹੀਂ ਦਸਤਾਰ ਨਹੀਂ ਤਾਂ ਸਿੰਘ ਨਹੀਂ', 'ਸਾਡੀ ਪੱਗ ਨਾਲ ਵੱਖਰੀ ਪਛਾਣ ਜਗ ਤੇ, ਕੀਤਾ ਪੱਗ ਨੇ ਹੈ ਉੱਚਾ ਸਾਡਾ ਮਾਣ ਜਗ ਤੇ, 'ਸੋਹਣੇ ਕੇਸ ਸਿਰ ਦਸਤਾਰ, ਕਲਗੀਧਰ ਦਾ ਬਣ ਸਰਦਾਰ', ਸਿਰ ਤੇ ਸੋਹੇ ਸੋਹਣੀ ਦਸਤਾਰ, ਉੱਚਾ ਸੁੱਚਾ ਸਾਡਾ ਕਿਰਦਾਰ', 'ਦਸਤਾਰ ਨਹੀਂ ਤਾਂ ਸਰਦਾਰ ਨਹੀਂ' ਸਟੀਕਰ ਤੇ ਗੁਰਮਤਿ ਸਾਹਿਤ ਵੀ ਵੱਡੀ ਤਾਦਾਦ ਵਿੱਚ ਵੰਡਿਆ ਜਾਂਦਾ ਹੈ। ਪਿੰਡਾਂ ਦੇ ਸਾਬਤ ਸੂਰਤ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਅੱਜ ਤੋਂ ਪੁਰਾਣੇ ਸਮੇਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਮਾਵਾਂ ਆਪਣੇ ਬੱਚਿਆਂ ਦੀਆਂ ਦਸਤਾਰਾਂ ਚੁੰਮਦੀਆਂ ਹੋਈਆਂ ਬੱਚਿਆਂ ਦੀ ਸੋਹਣੀ ਦਸਤਾਰ ਤੇ ਮਾਣ ਕਰਦੀਆਂ ਸਨ ਪਰ ਉਸ ਦੇ ਬਿਲਕੁਲ ਉਲਟ ਅੱਜ ਦੀਆਂ ਮਾਵਾਂ ਬੱਚਿਆਂ ਦੇ ਕੇਸਾਂ ਨੂੰ ਸੰਭਾਲਣਾ ਵੀ ਬੋਝ ਸਮਝਦੀਆਂ ਹਨ। ਅੱਜ ਦੀਆਂ ਮਾਵਾਂ ਨੂੰ ਕਿੱਟੀ-ਪਾਰਟੀਆਂ, ਟੀ.ਵੀ. ਸੀਰੀਅਲਾਂ ਦੇ ਮਜ਼ੇ ਲੈਣ ਤੋਂ ਹੀ ਵਿਹਲ ਨਹੀਂ ਮਿਲਦੀ। ਉਹ ਆਪਣੇ ਬੱਚਿਆਂ ਨੂੰ ਸਿੱਖੀ ਸਰੂਪ ਵਾਲਿਆਂ ਦੀ ਦਾਸਤਾਨ ਅਤੇ ਕੁਰਬਾਨੀ ਕਿਵੇਂ ਸੁਣਾ ਸਕਦੀਆਂ ਹਨ। ਅੱਜ ਲੋੜ ਹੈ, ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ।

ਗੁਰਮਤਿ ਵਿੱਚ ਦਸਤਾਰ ਦੀ ਵਿਸ਼ੇਸ਼ ਮਹਾਨਤਾ ਹੈ। 'ਸਾਬਤ ਸੂਰਤ ਦਸਤਾਰ ਸਿਰਾ'। ਦਸਤਾਰ ਬੰਨ੍ਹਣੀ ਸਿਖਾਉਣ ਲਈ ਅੱਜ ਬਜ਼ਾਰਾਂ ਵਿੱਚ ਥਾਂ-ਥਾਂ ਦੁਕਾਨਾਂ ਖੁੱਲ੍ਹੀਆਂ ਹੋਈਆਂ ਹਨ। ਬੱਚੇ, ਨੌਜਵਾਨ ਸੋਹਣੀ ਤੇ ਸੁੰਦਰ ਦਸਤਾਰ ਬੰਨ੍ਹਣ ਲਈ ਮਾਇਆ ਵੀ ਖ਼ਰਚ ਕਰਦੇ ਹਨ। ਦਸਤਾਰ ਸੰਬੰਧੀ ਗੁਰਦੁਆਰਿਆਂ/ਧਾਰਮਿਕ ਜਥੇਬੰਦੀਆਂ/ਸੰਪਰਦਾਵਾਂ ਨੂੰ ਹੇਠ ਲਿਖੇ ਨੁਕਤਿਆਂ ਤੇ ਧਿਆਨ ਦੇਣ ਦੇ ਲੋੜ ਹੈ।

1. ਦਸਤਾਰ ਦਿਵਸ 'ਤੇ ਹਰ ਸਾਲ 13 ਅਪ੍ਰੈਲ ਨੂੰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਦਸਤਾਰਾਂ ਦਿੱਤੀਆਂ ਜਾਣ।
2. ਹਰੇਕ ਗੁਰਦੁਆਰੇ ਵਿੱਚ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਜਾਵੇ, ਜਿਸ ਦਾ ਪ੍ਰਬੰਧ ਗੁਰਦੁਆਰਾ ਮੈਨੇਜਮੈਂਟ ਵੱਲੋਂ ਕੀਤਾ ਜਾਵੇ।
3. ਛੋਟੇ-ਛੋਟੇ ਬੱਚਿਆਂ ਨੂੰ ਬਚਪਨ ਤੋਂ ਹੀ ਦਸਤਾਰ ਸਜਾਉਣ ਤੇ ਗੁਰਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ।
4. ਗੁਰਦੁਆਰਿਆਂ/ਸੰਪਰਦਾਵਾਂ ਵਿੱਚ ਦਸਤਾਰ ਸਜਾਉਣ ਦੀ ਸਿਖਲਾਈ ਮੁਫ਼ਤ ਦਿੱਤੀ ਜਾਵੇ ਅਤੇ ਦਸਤਾਰ ਦੀ ਮਹਾਨਤਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ।
5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਭਾਵਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਦਸਤਾਰ ਦਿਵਸ 'ਤੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣ। ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸਿਰੋਪਾਉ, ਸਨਮਾਨ ਚਿੰਨ੍ਹ ਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇ।

partners Development Group

ਸਾਨੂੰ ਲੱਗਦਾ ਹੈ ਕਿ ਤੁਸੀਂ ਸਹਿਮਤ ਹੋਵੋਗੇ:

# ਸਾਡਾ ਛੋਟਾ ਭਾਈਚਾਰਾ ਇੱਕ ਬਹੁਤ ਵੱਡੇ ਜੰਪ ਦੀ ਪੇਸ਼ਕਸ਼ ਕਰਦਾ ਹੈ

IN HOME & LIFESTYLE



## Keystone Creek: ਇੱਥੇ ਜ਼ਿੰਦਗੀ ਸੁਹਜ, ਸੰਪਰਕ ਅਤੇ ਸਹੂਲਤ ਨਾਲ ਭਰਪੂਰ ਹੈ।

ਨੋਜ਼ ਕਰੀਕ ਦੇ ਨਾਲ ਸਥਿਤ ਅਤੇ ਰੋਜ਼ਾਨਾ ਜ਼ਰੂਰੀ ਚੀਜ਼ਾਂ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ, ਕੀਸਟੋਨ ਕਰੀਕ ਨੌਰਥ ਕੈਲਗਰੀ ਦਾ ਸਭ ਤੋਂ ਵਧੀਆ ਗੁਪਤ ਰਾਜ਼ ਹੈ। ਸੋਚ-ਸਮਝ ਕੇ ਡਿਜ਼ਾਈਨ ਕੀਤਾ ਗਿਆ ਅਤੇ ਕਿਫਾਇਤੀ ਢੰਗ ਨਾਲ ਡਿਲੀਵਰ ਕੀਤਾ ਗਿਆ, ਇਸ ਬੁਟੀਕ ਕਮਿਊਨਿਟੀ ਵਿੱਚ ਸਿਰਫ਼ ਤਿੰਨ ਪੜਾਅ ਹਨ, ਜੋ ਇਸਨੂੰ ਪ੍ਰਾਪਤ ਕਰਨ ਦੇ ਬਰਾਬਰ ਵਿਸ਼ੇਸ਼ ਬਣਾਉਂਦੇ ਹਨ।

ਭਾਵੇਂ ਤੁਸੀਂ ਨਵੀਂ ਸ਼ੁਰੂਆਤ ਕਰ ਰਹੇ ਹੋ, ਉੱਪਰ ਜਾ ਰਹੇ ਹੋ, ਜਾਂ ਸਮਾਰਟ ਆਕਾਰ ਘਟਾ ਰਹੇ ਹੋ, ਕੀਸਟੋਨ ਕਰੀਕ ਕੋਨੇ ਕੱਟੇ ਬਿਨਾਂ ਅਸਲ ਮੁੱਲ ਪ੍ਰਦਾਨ ਕਰਦਾ ਹੈ। ਅੱਜ ਹੀ ਸਾਡੇ ਨਾਲ ਮੁਲਾਕਾਤ ਕਰੋ।

COME TOUR 6 SHOWHOMES
FIND YOUR NEW NORTH

| STREET TOWNS | REAR LANED DUPLEXES | REAR LANED HOMES | FRONT DRIVE HOMES |
|---|---|---|---|
| FROM THE $460s | FROM THE $530s | FROM THE $575s | FROM THE $675s |
| Partners Homes | Partners Homes | Genesis Builders & NuVista Homes | Genesis Builders & NuVista Homes |

**MODERN STYLE MEETS EVERYDAY EASE**

- Nestled beside Nose Creek
- Playgrounds & green spaces
- Pathways connected to the Rotary Greenway
- Easy access to Stoney Trail & Deerfoot Trail

YOUR STYLE. YOUR SPACE. YOUR NORTH.

START YOUR HOME SEARCH HERE
Find maps and more at KeystoneCreek.ca

KEYSTONE CREEK
a partners community



Homestead

partners Development Group

# ਘਰ ਨੂੰ ਪਿਆਰ ਜੀਵਨਸ਼ੈਲੀ ਨੂੰ ਪਿਆਰ ਕੀਮਤਾਂ ਨੂੰ ਪਿਆਰ



PLANT YOUR ROOTS IN HOMESTEAD
MADE FOR FAMILIES

## ਅਸਲੀ ਕੀਮਤ ਇੱਥੇ ਹੈ ਅਤੇ ਤੁਹਾਨੂੰ ਵੀ ਇਹੀ ਚਾਹੀਦੀ ਹੈ।

ਇਹ ਸਭ ਕੁਝ ਹੋਮਸਟੇਡ ਵਿੱਚ ਹੈ, ਉੱਤਰ-ਪੂਰਬੀ ਭਾਈਚਾਰਾ ਜੋ ਹੈਰਾਨੀਜਨਕ ਤੌਰ 'ਤੇ ਕਿਫਾਇਤੀ ਨਵੇਂ ਘਰਾਂ ਨੂੰ ਕੁਦਰਤ, ਸੰਪਰਕ ਅਤੇ ਸਹੂਲਤ ਨਾਲ ਜੋੜਦਾ ਹੈ। ਖੁੱਲ੍ਹੀਆਂ ਥਾਵਾਂ, ਸਥਾਨਕ ਸਹੂਲਤਾਂ, ਸਵਾਗਤ ਕਰਨ ਵਾਲੇ ਗੁਆਂਢੀ, ਅਤੇ ਵਿਸ਼ਾਲ ਪਹਾੜੀ ਦ੍ਰਿਸ਼ ਸਭ ਇੱਕ ਅਜਿਹੀ ਜਗ੍ਹਾ ਬਣਾਉਣ ਲਈ ਇਕੱਠੇ ਹੁੰਦੇ ਹਨ ਜੋ ਜ਼ਮੀਨੀ ਅਤੇ ਪਿਆਰ ਕਰਨ ਵਿੱਚ ਆਸਾਨ ਮਹਿਸੂਸ ਹੁੰਦੀ ਹੈ।

ਇਹ ਦੋਸਤਾਨਾ, ਜਾਣੂ ਅਤੇ ਜੀਵਨ ਨਾਲ ਭਰਪੂਰ ਹੈ, ਅਤੇ ਇਹ ਇੱਕ ਆਂਢ-ਗੁਆਂਢ ਤੋਂ ਵੱਧ ਹੈ। ਇਹ ਤੁਹਾਡਾ ਹੋਮਸਟੇਡ ਹੈ

### ਪ੍ਰੀਮੀਅਮ ਕਮਿਊਨਿਟੀ ਸਹੂਲਤਾਂ:

* 4 ਕਿਲੋਮੀਟਰ ਪੈਦਲ ਰਸਤੇ
* 19 ਏਕੜ ਕੁਦਰਤੀ ਵੈਟਲੈਂਡ
* ਖੇਡ ਦੇ ਮੈਦਾਨ ਅਤੇ ਖੇਡ ਕੋਰਟ
* ਕ੍ਰਿਕਟ ਪਿੱਚ, ਫੁੱਟਬਾਲ ਦੇ ਮੈਦਾਨ ਅਤੇ ਹੋਰ ਬਹੁਤ ਕੁੱਝ

| Duplex Homes | Rear Laned Homes | Front Drive Homes |
|---|---|---|
| FROM THE HIGH $490s | FROM THE MID $500s | FROM THE HIGH $600s |
| Partners Homes | Excel Homes & Trico Homes | Excel Homes, Genesis Builders & Trico Homes |

Visit our stylish showhomes today

Homestead
plant your roots

Find maps, hours, builders and more at LiveInHomestead.ca

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਰੀ 'ਚ ਮਹਾਨ ਨਗਰ ਕੀਰਤਨ ਸਜਾਇਆ

## ☛ 6 ਲੱਖ ਦੇ ਕਰੀਬ ਸੰਗਤਾਂ ਦੇ ਸ਼ਾਮਿਲ ਹੋਣ ਦਾ ਅਨੁਮਾਨ ☛ ਟਰੈਕਟਰ- ਟਰਾਲੀਆਂ ਨੇ ਸਿਰਜਿਆ ਪੰਜਾਬ ਵਰਗਾ ਮਾਹੌਲ




ਵੈਨਕੂਵਰ (ਮਲਕੀਤ ਸਿੰਘ) - ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕਨੇਡਾ ਦੇ ਸਰੀ ਸ਼ਹਿਰ ਦੀ 128 ਸਟਰੀਟ ਤੇ ਸਥਿਤ ਗੁ: ਦਸ਼ਮੇਸ਼ ਦਰਬਾਰ ਤੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਅੱਜ ਇੱਕ ਮਹਾਨ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਚ ਸੰਗਤਾਂ ਨੇ ਸ਼ਮੂਲੀਅਤ ਕੀਤੀ

ਅੱਜ ਸਵੇਰ ਵੇਲੇ ਗੁ ਸਾਹਿਬ ਤੋਂ ਗ੍ਰੰਥੀ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਚ ਆਰੰਭ ਹੋਇਆ ਇਹ ਨਗਰ ਕੀਰਤਨ ਆਪਣੇ ਤੈਅਸੁਦਾ ਰਸਤਿਆਂ ਰਾਹੀਂ ਹੁੰਦਾ ਹੋਇਆ ਸ਼ਾਮ ਨੂੰ ਗੁ: ਦਸ਼ਮੇਸ਼ ਦਰਬਾਰ ਸਾਹਿਬ ਵਿਖੇ ਸੰਪਨ ਹੋ ਗਿਆ ਨਗਰ ਕੀਰਤਨ ਚ ਸ਼ਾਮਿਲ ਹੋਈਆਂ ਸੰਗਤਾਂ ਵੱਲੋਂ ਸਜਾਈਆ ਗਈਆਂ ਕੇਸਰੀ, ਨੀਲੀਆਂ ਦਸਤਾਰਾਂ ਅਤੇ ਦੁਪੱਟਿਆਂ ਦੀ ਬਹੁਤਾਤ ਨਾਲ ਸਮੁੱਚਾ ਮਾਹੌਲ ਖਾਲਸਾਈ ਰੰਗ ਚ ਰੰਗਿਆ ਨਜਰੀ ਆਇਆ ਇਸ ਦੇ ਨਾਲ ਨਾਲ ਵੱਖ-ਵੱਖ ਕਾਰੋਬਾਰੀ ਅਦਾਰਿਆਂ ਅਤੇ ਸਥਾਨਕ ਸਿੱਖ ਸੰਗਤਾਂ ਵੱਲੋਂ ਨਿਰਧਾਰਿਤ ਥਾਵਾਂ ਤੇ ਵੱਖ-ਵੱਖ ਪਕਵਾਨਾਂ ਦੇ ਅਟੁੱਟ ਲੰਗਰਾਂ ਦਾ ਕੀਤਾ ਗਿਆ ਇੰਤਜਾਮ ਵੀ ਸਲਾਹੁਣਯੋਗ ਸੀ ਨਗਰ ਕੀਰਤਨ ਦੌਰਾਨ ਵੱਖ-ਵੱਖ ਵਾਹਨਾਂ ਅਤੇ ਸੜਕ ਦੇ ਦੁਵੱਲੇ ਪਾਸੇ ਸਜਾਈਆਂ ਗਈਆਂ ਆਰਜੀ ਸਟੇਜਾਂ ਤੋਂ ਵੱਖ ਵੱਖ ਢਾਡੀ, ਕਵੀਸ਼ਰੀ ਅਤੇ ਕੀਰਤਨੀ ਜਥਿਆਂ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਬੱਚਿਆ ਵੱਲੋਂ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ




**ਸਰੀ 'ਚ ਸਜਾਏ ਗਏ ਨਗਰ ਕੀਰਤਨ ਦੀਆਂ ਵੱਖ-ਵੱਖ ਤਸਵੀਰਾਂ**

ਪ੍ਰਬੰਧਕਾਂ ਵੱਲੋਂ ਸਮੁੱਚੇ ਨਗਰ ਕੀਰਤਨ ਦੇ ਰੂਟ ਅਤੇ ਹੋਰਨਾਂ ਪ੍ਰਬੰਧਾਂ ਨੂੰ ਬੜੇ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਵਿਆਪਕ ਇੰਤਜਾਮ ਕੀਤੇ ਗਏ ਸਨ, ਜਦਕਿ ਸਥਾਨਕ ਪੁਲਿਸ ਅਤੇ ਸਰੀ ਸਿਟੀ ਦੇ ਸਾਂਝੇ ਸਹਿਯੋਗ ਨਾਲ ਟ੍ਰੈਫਿਕ ਸੰਬੰਧੀ ਸਬੰਧੀ ਬਦਲਵੇਂ ਰੂਟਾਂ ਦਾ ਪ੍ਰਬੰਧ ਕੀਤਾ ਗਿਆ ਸੀ

ਸਿੱਖ ਸੰਗਤਾਂ ਵੱਲੋਂ ਦੁਨੀਆਂ ਭਰ ਚ ਸਜਾਏ ਜਾਂਦੇ ਵੱਡੇ ਨਗਰ ਕੀਰਤਨਾ ਵਿੱਚੋਂ ਸੰਗਤਾਂ ਦੇ ਵੱਡੇ ਇਕੱਠ ਵਜੋਂ ਜਾਣੇ ਜਾਂਦੇ ਇਸ ਮਹਾਨ ਨਗਰ ਕੀਰਤਨ ਚ ਤਕਰੀਬਨ 6 ਲੱਖ ਦੇ ਆਸ ਪਾਸ ਸੰਗਤਾਂ ਦੀ ਸਮੂਲੀਅਤ ਹੋਣੀ ਕਿਆਸੀ ਗਈ। ਇਸ ਨਗਰ ਕੀਰਤਨ ਚ ਜਿੱਥੇ ਕਿ ਗੁਆਂਢੀ ਮੁਲਕ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਤੋਂ ਵੀ ਪੁੱਜੀਆਂ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ ਉੱਥੇ ਸਿੱਖ ਸੰਗਤਾਂ ਤੋਂ ਇਲਾਵਾ ਦੂਸਰੇ ਭਾਈਚਾਰਿਆ ਦੇ ਲੋਕ ਵੀ ਇਸ ਨਗਰ ਕੀਰਤਨ ਚ ਹਾਜ਼ਰੀ ਭਰਦੇ ਨਜ਼ਰੀ ਆਏ।

### ਟਰੈਕਟਰ ਟਰਾਲੀਆਂ ਦੀ ਸ਼ਮੂਲੀਅਤ ਨੇ ਸਿਰਜਿਆ ਪੰਜਾਬ ਵਰਗਾ ਮਾਹੌਲ


ਇਸ ਨਗਰ ਕੀਰਤਨ ਚ ਸ਼ਾਮਿਲ ਟਰੈਕਟਰ - ਟਰਾਲੀਆਂ ਟਰੱਕਾਂ,ਜੀਬਾਂ ਅਤੇ ਮੋਟਰ ਸਾਈਕਲਾ ਦੇ ਕਾਫਲਿਆਂ ਨਾਲ ਇੱਕ ਤਰ੍ਹਾਂ ਨਾਲ ਪੰਜਾਬ ਦੇ ਕਿਸੇ ਧਾਰਮਿਕ ਮੇਲੇ ਵਰਗਾ ਮਾਹੌਲ ਸਿਰਜਿਆ ਨਜ਼ਰੀ ਆਇਆ ਇਸ ਮੌਕੇ ਤੇ ਸਰੀ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਵੱਲੋਂ ਆਪਣੇ ਮੋਟਰਸਾਈਕਲਾਂ ਸਮੇਤ ਕੀਤੀ ਗਈ ਸ਼ਮੂਲੀਅਤ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਮਹਿਸੂਸ ਹੋਈ।

ਨਗਰ ਕੀਰਤਨ ਚ ਸ਼ਾਮਿਲ ਨਿਹੰਗ ਸਿੰਘਾਂ ਅਤੇ ਬੱਚਿਆਂ ਦੀਆਂ ਗਤਕਾ ਟੀਮਾਂ ਵੱਲੋਂ ਗਤਕੇ ਦੇ ਜੌਹਰ ਵਿਖਾ ਕੇ ਪੇਸ਼ ਕੀਤੇ ਗਏ ਜੁਗਾਂਜੂ ਦ੍ਰਿਸ਼ ਵੇਖਣ ਯੋਗ ਸਨ।





ਵੈਂਟੇਜ ਰਾਈਜ਼ ਏਅਰਡਰੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸੁਚਾਰੂ ਢੰਗ ਨਾਲ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਜੀਵਨ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।





160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE

liveinvantagerise.com
Reach out to a builder to put your lot on hold!
• Broadview Homes • McKee Homes • NuVista Homes • Shane Homes
• Sterling Homes • StreetSide Developments • Trico Homes

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE. QUALICO communities






ਇੱਕ ਸ਼ਾਨਦਾਰ ਲੈਂਡਸਕੇਪ ਦੇ ਕੇਂਦਰ ਵਿੱਚ ਸਥਿਤ, ਸਾਊਥਬੋਅ ਲੈਂਡਿੰਗ ਉਨ੍ਹਾਂ ਲੋਕਾਂ ਲਈ ਇੱਕ ਪਵਿੱਤਰ ਸਥਾਨ ਹੈ ਜੋ ਪਹਾੜਾਂ ਅਤੇ ਨਦੀ ਦੇ ਨੇੜਤਾ ਨੂੰ ਮਹੱਤਵ ਦਿੰਦੇ ਹਨ। ਇਹ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਕੁਦਰਤ ਅਤੇ ਭਾਈਚਾਰਾ ਇਕੱਠੇ ਹੁੰਦੇ ਹਨ, ਇੱਕ ਸੰਤੁਲਿਤ ਜੀਵਨ ਸ਼ੈਲੀ ਬਣਾਉਂਦੇ ਹਨ ਜੋ ਜ਼ਮੀਨੀ ਅਤੇ ਉੱਚਾ ਦੋਵੇਂ ਮਹਿਸੂਸ ਕਰਦੀ ਹੈ।

ਸਾਊਥਬੋਅ ਲੈਂਡਿੰਗ ਵਿੱਚ ਕਿਫਾਇਤੀ ਨਵੇਂ ਘਰਾਂ ਦੀ ਖੋਜ ਕਰੋ

Laned Duplexes from the High $400s
Laned Homes from the Low $500s
Front Garage Duplexes from the Mid $500s
Front Garage Homes from the High $500s

ਆਪਣਾ ਘਰ ਇੱਥੇ ਲੱਭੋ
southbowlanding.com

• Daytona Homes • Broadview Homes • Sterling Homes
• Douglas Homes • Trico Homes • NuVista Homes

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE. QUALICO communities

# ਟਰਾਲੀਦਾਨ, ਮਹਾਂ ਕਲਿਆਣ !

ਚਰਨਜੀਤ ਭੁੱਲਰ

ਜ਼ੈਲਦਾਰੋ ! ਤੁਸੀਂ ਬੱਸ ਕੰਮ ਕਰੋ, ਫਲ ਦੀ ਇੱਛਾ ਮਤ ਰੱਖੋ। ਏਡੀ ਵੱਡੀ ਭੁੱਲ ! ਕੋਈ ਗੀਤਾ ਉਪਦੇਸ਼ ਵੀ ਭੁੱਲਦੈ। ਗੱਲ ਪੱਲੇ ਬੰਨ੍ਹ ਲਓ, 'ਟਰਾਲੀ ਬਣਾਓ, ਪ੍ਰਭੂ ਦੇ ਗੁਣ ਗਾਓ।' ਧਰਤੀ 'ਤੇ ਦੂਜਾ ਰੱਬ ਹੁੰਦੈ ਮੰਤਰੀ, ਫਲ਼ ਦੇਣਾ ਜਾਂ ਨਾ ਦੇਣਾ, ਜਨਾਬ ਦੀ ਮਰਜ਼ੀ। ਰੱਬ ਦੇ ਗੁਮਾਸ਼ਤੇ ਨੇ ਜੈਕਾਰਾ ਛੱਡਿਐ 'ਦੇਸ਼ ਕਾ ਨੇਤਾ ਕੈਸਾ ਹੋ। ਪੰਜਾਬ ਗੂੰਜ ਉੱਠਿਆ, ਹਰਦੀਪ ਮੁੰਡੀਆਂ ਜੈਸਾ ਹੋ। ਮੁੰਡੀਆਂ ਨੂੰ ਦਾਣਾ ਪਾਣੀ ਪਿੰਡੋਂ ਖਿੱਚ ਲਿਆਇਆ। ਚਾਚੇ ਇਨਕਲਾਬ ਸਿਓਂ ਨੇ ਸੱਤਾ ਦੀ ਪੌੜੀ ਲਾਈ, ਕੈਬਨਿਟੀ ਚੁਬਾਰੇ 'ਚ ਮੁੰਡੀਆਂ ਜਾ ਬੈਠਾ। 'ਕੀ ਖੱਟ ਲਿਆ ਠੋਡੀ ਨੂੰ ਹੱਥ ਲਾ ਕੇ, ਲਾਲਾ ਲਾਲਾ ਹੋਗੀ ਮਿੱਤਰਾ।'

ਪੰਜਾਬ ਹੁਣ 'ਟਰਾਲੀ ਯੁੱਗ' ਚੋਂ ਗੁਜ਼ਰ ਰਿਹੈ ਪਰ ਜਗਮੋਹਨ ਕੌਰ ਨੂੰ ਕਾਹਦਾ ਚਾਅ ਚੜ੍ਹਿਐ,'ਨੱਚਾਂ ਮੈਂ ਲੁਧਿਆਣੇ 'ਤੇ ਮੇਰੀ ਧਮਕ ਜਲੰਧਰ ਪੈਂਦੀ।' ਯੰਗਮੈਨ ਦੀਆਂ ਬੂਨੈਣਾਂ ਨਾਲੋਂ ਵੱਧ ਅੱਜ ਕੱਲ੍ਹ ਮੁੰਡੀਆਂ ਮਸ਼ਹੂਰ ਹੋਇਐ। ਚਿੱਕੜਦਾਸਾਂ ਨੇ ਮੁੰਡੀਆਂ ਦੀ ਚਿੱਟੀ ਚਾਦਰ ਲਿਬੇੜ ਦਿੱਤੀ। ਗ਼ਲਤੀ ਦਾ ਪੁਤਲਾ ਮਲਕੀਤ ਜ਼ੈਲਦਾਰ ਆਪਣੇ ਗਰਾਈਂ ਮੁੰਡੀਆਂ ਤੋਂ ਟਰਾਲੀ ਦੀ ਭੇਟਾ ਮੰਗ ਕੇ ਭੁੱਲ ਕਰ ਬੈਠਾ। ਮੁੰਡੀਆਂ ਦੇ ਮੁਖਾਰਬਿੰਦ ਚੋਂ ਬਿਨਾਂ ਜੀਐੱਸਟੀ ਤੋਂ ਇਉਂ ਗਾਲ੍ਹਾਂ ਡਿੱਗੀਆਂ, ਜਿਵੇਂ ਮਾਈਨਿੰਗ ਆਲੀ ਟਰਾਲੀ ਸਾਹਨੇਵਾਲ ਦੇ ਖੱਡੇ 'ਚ ਡਿੱਗਦੀ ਐ। ਜ਼ੈਲਦਾਰਾਂ ਨੇ ਫ਼ੌਰੀ ਪਰਮੀਸ਼ ਵਰਮਾ ਧਿਆਇਆ, 'ਵੀਰੇ ! ਗਾਲ੍ਹ ਨੀਂ ਕੱਢਣੀ..।'

ਅੱਗਿਓਂ ਮੁੰਡੀਆਂ ਨੇ ਵੀ ਨਰਿੰਦਰ ਬੀਬਾ ਨੂੰ ਮੱਥਾ ਟੇਕਿਐ, 'ਗੱਲ ਸੋਚ ਕੇ ਕਰੀ ਤੂੰ ਜ਼ੈਲਦਾਰਾ, ਅਸਾਂ ਨੀ ਕਨੌੜ ਝੱਲਣੀ।' ਸ਼ੇਕਸਪੀਅਰ ਆਖਦੈ, ਜਿਸ ਦੇ ਸਿਰ 'ਤੇ ਤਾਜ, ਉਸ ਦੇ ਸਿਰ 'ਤੇ ਖਾਜ। ਭੀੜਾਂ ਦਰਵੇਸ਼ਾਂ 'ਤੇ ਹੀ ਪੈਂਦੀਆਂ ਨੇ। ਜਿਵੇਂ ਅਮਲੀ ਨੂੰ ਮਾਲ, ਬੰਗਾਲੀਆਂ ਨੂੰ ਕਾਲ, ਉਵੇਂ ਪੰਜਾਬੀਆਂ ਨੂੰ ਧਾਲੀਵਾਲ ਕਦੇ ਨੀ ਭੁੱਲੇਗਾ। ਚੰਗਾ ਭਲਾ ਕੈਲੇਫੋਰਨੀਆ ਬੈਠਾ ਸੀ, ਸੁੱਤੇ ਪਏ ਦੀ ਵੱਖੀ 'ਚ ਕ੍ਰਾਂਤੀ ਨੇ ਐਸੀ ਹੁੱਝ ਮਾਰੀ, ਕੁਲਦੀਪ ਧਾਲੀਵਾਲ ਸਿੱਧਾ ਕੈਲੀਫੋਰਨੀਆ ਆ ਵੜਿਆ। ਅੱਗਿਓ ਮੁੰਡੀਆਂ ਨੇ ਪੈਰੀਂ ਹੱਥ ਲਾ ਗੁਰੂ ਧਾਰ ਲਿਆ। 'ਜੋ ਰੰਨਾਂ ਤੋਂ ਵਰਜਦੇ ਚੇਲਿਆਂ ਨੂੰ, ਉਹ ਗੁਰੂ ਕੀ ਬੰਨ੍ਹ ਕੇ ਚੋਵਣੇ ਨੇ।' ਆਖ਼ਰ ਚੇਲਾਗਿਰੀ ਨੇ ਗੁਰੂ ਨੂੰ ਪੀਸਾ ਦੇ ਮੀਨਾਰ ਵਾਂਗੂ ਟੇਢਾ ਕਰਤਾ। ਉੱਪਰੋਂ ਰਣਜੀਤ ਮਣੀ ਨੇ ਹੇਕ ਲਾ'ਤੀ, 'ਚੰਨ ਵਰਗਾ ਸੀ ਤੇਰਾ ਯਾਰ ਵੈਰਨੈ..।'

ਵੈਦਿਕ ਕਾਲ ਤੋਂ 'ਗੁਰੂ ਦਕਸ਼ਣਾ' ਦੀ ਪਰੰਪਰਾ ਚੱਲੀ ਆ ਰਹੀ ਹੈ। ਪਵਿੱਤਰ ਭੇਟ ਗੁਰੂ ਚੇਲੇ ਦੀ ਰਿਸ਼ਤੇ ਦੀ ਪਾਕਿ ਤੰਦ ਜੋੜਦੀ ਹੈ। ਮਹਾਂਭਾਰਤ ਦਾ ਪ੍ਰਸੰਗ ਹੈ ਕਿ ਏਕਲਵਿਆ ਨੇ 'ਗੁਰੂ ਦਕਸ਼ਣਾ' 'ਚ ਆਪਣੇ ਗੁਰੂ ਦਰੋਣਾਚਾਰੀਆ ਨੂੰ ਹੱਥ ਦਾ ਅੰਗੂਠਾ ਕੱਟ ਕੇ ਭੇਟ ਕੀਤਾ ਸੀ। ਜ਼ੈਲਦਾਰੋ ! ਅੰਗੂਠਾ ਨਾ ਸਹੀ, ਜੇ ਮੁੰਡੀਆਂ ਨੇ ਗੁਰੂ ਦਕਸ਼ਣਾ ਵਜੋਂ ਕਾਮਰੇਡ ਧਾਲੀਵਾਲ ਨੂੰ ਟਰਾਲੀ ਭੇਟ ਕਰ ਹੀ ਦਿੱਤੀ ਤਾਂ ਥੋਡਾ ਕਿਉਂ ਢਿੱਡ ਦੁੱਖਦੈ। ਥੋਡੀ ਟਰਾਲੀ ਨੇਕ ਕੰਮ 'ਚ ਲੇਖੇ ਲੱਗ ਗਈ, ਹੁਣ ਹੋਰ ਦੱਸੋ ਕੀ ਭਾਲਦੇ ਹੋ। ਟਰਾਲੀਦਾਨ, ਮਹਾਂ ਕਲਿਆਣ। 'ਚੁੰਘੀ ਬੱਕਰੀ ਬਣਾ'ਤਾ ਡਾਕਾ, ਮਾੜੀ ਹੋਈ ਅਮਲੀ ਨਾਲ।'

ਮੂੰਹ 'ਕੱਲਾ ਕੁਲਚੇ ਖਾਣ ਲਈ ਨਹੀਂ ਹੁੰਦਾ। ਤਾਹੀਂ ਜਾਖੜ, ਮਜੀਠੀਏ ਤੇ ਖਹਿਰੇ, ਬਿਨਾਂ ਹੱਥ ਧੋਤੇ ਹੀ ਰੱਬ ਦੇ ਬੰਦੇ ਨੂੰ ਪੈ ਨਿਕਲੇ। ਮੁੰਡੀਆਂ ਨੂੰ ਮੁੰਨੀ ਤੋਂ ਵੱਧ ਬਦਨਾਮ ਕਰ'ਤਾ। ਏਨਾ ਭਲਾ ਬੰਦਾ ! ਬਈ ਬਲਿਹਾਰੇ ਜਾਣ ਨੂੰ ਦਿਲ ਕਰਦੈ। ਲਹਿਰੀ ਆਲਾ ਸ਼ਮਸ਼ੇਰ ਆਖਦੈ, 'ਕਿਸੇ ਤੋਂ ਮਾਫ਼ੀ ਮੰਗ ਲਈਏ ਤੇ ਕਿਸੇ ਨੂੰ ਮਾਫ਼ ਕਰੀਏ..।' ਮੁੰਡੀਆਂ ਬਾਈ ਕੋਰਾ ਲੱਠੇ ਵਰਗੈ, ਕੋਈ ਲੱਠਮਾਰ ਥੋੜੈ। ਨਿਮਰਤਾ ਦਾ ਪੁੰਜ ਮਾਫ਼ੀ ਮੰਗ ਔਹ ਗਿਆ। ਜ਼ੈਲਦਾਰ ਬਿਨਾਂ ਗੱਲੋਂ ਹਿੰਡ ਫੜ ਬੈਠੇ। ਆਮਿਰ ਖ਼ਾਨ ਆਖਦੈ, 'ਮਾਫ਼ ਕਰਕੇ ਅੱਗੇ ਵਧਣਾ ਚਾਹੀਦੈ..।' ਵੈਸੇ ਗੁਰੂ ਪਾਲਣੇ ਕਿਹੜਾ ਸੌਖੇ ਨੇ..। ਮੁਫ਼ਤ ਸ਼ਾਸਤਰ 'ਤੇ ਬੜ੍ਹਕ ਸ਼ਾਸਤਰ ਏਨਾ ਭਾਰੂ ਪਊ, ਮੁੰਡੀਆਂ ਦੇ ਵੀ ਚਿੱਤ ਚੇਤੇ ਨਹੀਂ



ਸੀ।ਅਜਨਾਲੇ ਆਲੇ ਕਾਮਰੇਡ ਦੇ ਰੇਡੀਓ 'ਤੇ ਗੂੰਜ ਪਈ, 'ਦੌਲਤਾਂ ਤਾਂ ਜੱਗ ਤੇ ਬਥੇਰੀਆਂ, ਪੈਸੇ ਤੋਂ ਜ਼ਰੂਰੀ ਹੁੰਦੀ ਪੱਤ ਜੀ..।' ਨਾਲੇ ਪੈਸਾ ਤਾਂ ਹੱਥਾਂ ਦੀ ਮੈਲ ਐ। ਕੁਲਦੀਪ ਧਾਲੀਵਾਲ ਨੇ ਜ਼ੈਲਦਾਰਾਂ ਦੇ ਮੂੰਹ 'ਤੇ ਵਗਾਹ ਮਾਰੇ ਸਾਢੇ ਛੇ ਲੱਖ। ਭਾਊ ਨੇ ਜ਼ੈਲਪੁਣਾ ਕੱਢ'ਤਾ। ਬਈ ! ਸਾਥੀ ਨੇ ਚੇਲੇ ਦੀ ਪਿੱਠ ਨੀ ਲੱਗਣ ਦਿੱਤੀ। ਐਨ ਮੌਕੇ 'ਤੇ ਅਖਾੜੇ 'ਚ ਗੌਣ ਵੱਜਿਆ, 'ਝੋਨੇ ਦੀ ਟਰਾਲੀ ਸਿੱਟੀ ਮੰਡੀ 'ਚ ਸਵੇਰੇ, ਮੁੱਕਦੇ ਨਾ ਨੋਟ ਪਏ ਬੈਂਕਾਂ 'ਚ ਬਥੇਰੇ..।' ਭਲੇ ਵੇਲਿਆਂ 'ਚ ਹਰੀ ਕ੍ਰਾਂਤੀ ਦਾ ਪ੍ਰਤੀਕ ਟਰਾਲੀ ਵੀ ਬਣੀ। ਸਾਹਨੇਵਾਲ ਦੇ ਕ੍ਰਾਂਤੀਵੀਰ ਨੇ ਜ਼ਰੂਰ ਸੁਭਾਸ਼ ਚੰਦਰ ਬੋਸ ਨੂੰ ਧਿਆ ਕਿਹਾ ਹੋਊ, 'ਤੁਸੀਂ ਮੈਨੂੰ ਟਰਾਲੀ ਦਿਓ,ਮੈਂ ਤੁਹਾਨੂੰ ਆਸ਼ੀਰਵਾਦ ਦਿਆਂਗਾ।'

ਦੁਬਿਧਾ ਮੇ ਦੋਨੋ ਗਏ, ਮਾਇਆ ਮਿਲੀ ਨਾ ਰਾਮ।' ਖਿਡਾਰੀ ਨਹੀਂ, ਅਨਾੜੀ ਨਿੱਕਲੇ। ਕਾਹਦੇ ਮਾਲ ਮੰਤਰੀ ਹੋ, ਇੱਕ ਟਰਾਲੀ ਨੀ ਗ਼ਾਇਬ ਕਰ ਸਕੇ। ਦਸੌਂਦਾ ਸਿੰਘ ਦਸਵੰਧੀ ਆਖਦਾ ਪਿਐ, 'ਨੇਤਾ ਮਰਦ ਲੋਕ ਹੁੰਦੇ ਨੇ, ਸ਼ਰਮ ਦੀ ਕੀ ਮਜਾਲ, ਇਨ੍ਹਾਂ ਨੂੰ ਮਾਰ ਸਕੇ।' ਜਦੋਂ ਕਿਤੇ ਸਤਜੁਗ ਆਏਗਾ, ਸਾਹਨੇਵਾਲ 'ਚ 'ਗੁਰੂ ਦਕਸ਼ਣਾ' ਮਿਊਜ਼ੀਅਮ ਤਸ਼ਰੀਫ਼ ਲਿਆਏਗਾ। ਟਰਾਲੀ ਮੰਤਰਾਲਾ ਇਸ ਵਿਰਾਸਤੀ ਭਵਨ ਨੂੰ ਚਲਾਏਗਾ। ਫਿਰ ਥਾਂ ਥਾਂ ਟਰਾਲੀ ਸੰਮੇਲਨ ਹੋਣਗੇ। ਲਾਲ ਬਹਾਦਰ ਸ਼ਾਸਤਰੀ ਜੀ ਨੇ ਨਾਅਰਾ ਦਿੱਤਾ, ਜੈ ਜਵਾਨ ਜੈ ਕਿਸਾਨ। ਪੁਰਾਣੇ ਦਿਨਾਂ 'ਚ ਲੋਕਾਂ ਨੇ ਟਰਾਲੀਆਂ ਦੇ ਡਾਲੇ 'ਤੇ 'ਕਿਸਾਨ ਤੇ ਜਵਾਨ' ਦੀ ਤਸਵੀਰ ਵਾਹ ਕੇ ਨਾਅਰੇ ਸਜਾਏ।

ਵੀਰੋ ! ਕਿਤੇ ਡਾਲਿਆਂ 'ਤੇ ਅੱਜ ਦੇ ਬਹਾਦਰਾਂ ਦੀਆਂ ਫ਼ੋਟੋਆਂ ਨਾ ਸਜਾ ਦੇਣਾ। ਡਾ.ਮਸ਼ਹੂਰ ਗੁਲ੍ਹਾਟੀ ਆਖਦਾ ਪਿਐ,..ਕੈਸਾ ਲਗਾ ਮੇਰਾ ਮਜ਼ਾਕ। ਜ਼ੈਲਦਾਰੋ, ਤੁਸੀਂ ਨਰਕ ਦੇ ਭਾਗੀ ਬਣੋਗੇ। ਕੀ ਖੱਟਿਆ, ਗੰਗਾ ਗਏ ਫੁੱਲ ਮੋੜ ਕੇ। ਉਹ ਵੀ ਦਿਨ ਸਨ, ਕਿਸਾਨ ਦਿੱਲੀਓਂ ਹਕੂਮਤ ਨੂੰ ਝੁਕਾ ਕੇ ਮੁੜੇ ਸੀ। ਟਰਾਲੀ ਨਾਲ ਟਰਾਲੀ ਜੋੜ ਬੈਠੇ ਸੀ। ਮਗਰੋਂ ਘਨੌਰ 'ਚ ਸ਼ੰਕਰ ਜਾਦੂਗਰ ਦੇ ਚੇਲੇ ਆ ਬੈਠੇ। ਸ਼ੰਭੂ ਬਾਰਡਰ ਤੋਂ ਅੱਖ ਦੇ ਫੋਰੇ ਟਰਾਲੀਆਂ ਗ਼ਾਇਬ, ਜਮੂਰੇ ਦੇਖਦੇ ਰਹਿ ਗਏ। ਘਨੌਰ ਆਲੀ ਪੁਲੀਸ ਕਿਹੜਾ ਕੋਲੰਬਸ ਤੋਂ ਘੱਟ ਹੈ, ਤਿੰਨੋਂ ਟਰਾਲੀਆਂ ਨੂੰ ਲੱਭ ਕੇ ਦਮ ਲਿਆ।

ਸਲਮਾਨ ਖ਼ਾਨ ਦਾ ਡਾਇਲਾਗ ਐ, 'ਅੰਮੀ ਜਾਨ ਕਹਿਤੀ ਥੀ ਕੋਈ ਧੰਦਾ ਛੋਟਾ ਨਹੀਂ ਹੋਤਾ।' ਨਾਭੇ ਆਲੇ ਪ੍ਰਧਾਨ ਸਾਹਿਬ ਨੇ ਖ਼ਾਨ ਬਾਦਸ਼ਾਹ ਦੀ ਗੱਲ ਪੱਲੇ ਬੰਨ੍ਹ ਲਈ। ਬੰਦੂਕਾਂ ਬੀਜਣ ਆਲਿਆਂ ਦੀ ਸੋਚ ਦਾ ਟਿੱਕਾ ਲਾ ਕੇ ਟਰਾਲੀਆਂ ਬੀਜ ਦਿੱਤੀਆਂ। ਪੁਲੀਸ ਨੇ ਖ਼ੁਦਾਈ ਕੀਤੀ ਤਾਂ ਨਾਭਾ ਚੋਂ ਟਰਾਲੀਆਂ ਦੇ ਭਰੂਣ ਮਿਲੇ। ਜਦੋਂ ਬਦਲਾਅ ਮੀਰਾਂ ਵਾਂਗੂ ਨੱਚਣ ਲੱਗਦੈ, ਕੋਈ ਨਾ ਕੋਈ ਜਵਾਰਭਾਟਾ ਬਦਲਾਅ ਦਾ ਹਾਲ ਹਾਰੇ ਜੁਆਰੀਏ ਵਰਗਾ ਕਰ ਜਾਂਦੈ। ਢਾਰਸ ਗੁਰਦਾਸ ਮਾਨ ਨੂੰ ਦੇਣੀ ਪੈਂਦੀ ਹੈ, 'ਬੱਸ ਰਹਿਣ ਦੇ, ਛੇੜ ਨਾ ਦਰਦਾਂ ਨੂੰ।

ਜਦੋਂ ਸਤੌਜ ਆਲੇ ਨੂੰ ਪਾਣੀ ਸਿਰੋਂ ਲੰਘਦਾ ਜਾਪਿਆ। ਜਲੰਧਰ 'ਚ ਕੀ ਗੁਰੂ ਕੀ ਚੇਲਾ, ਸਾਰੇ ਧੂਣੇ 'ਤੇ ਬਿਠਾ ਲਏ। ਤੱਤੇ ਤੱਤੇ ਚਿਮਟੇ ਲਾਏ। 'ਆਪ' ਆਲੇ ਲੋਕ ਸੇਵਕਾਂ ਦਾ 'ਬਿਪਤਾ ਸਪਤਾਹ' ਚੱਲਦਾ ਜਾਪਦੈ। ਨਾਲੇ ਝਾੜੇ, ਨਾਲ ਝੰਬੇ। ਮੰਤਰੀ ਤੇ ਵਿਧਾਇਕ ਜਦੋਂ ਜਲੰਧਰ ਦੀ ਜੂਹ ਚੋਂ ਬਾਹਰ ਨਿਕਲੇ। ਅੱਗਿਓ ਕਿਸੇ ਕਾਫ਼ਲੇ ਚੋਂ ਗਾਣੇ ਦੀ ਗੂੰਜ ਪਈ, 'ਵੇ ਹੁਣ ਪਹਿਲਾਂ ਵਰਗਾ ਹਾਸਾ ਮੂੰਹ 'ਤੇ ਦਿਸਦਾ ਨੀ ਸੱਜਣਾ।' ਸਿਆਣੇ ਆਖਦੇ ਨੇ, ਹਾਕਮ ਦੇ ਝਿੜਕੇ ਦਾ, ਮੀਂਹ 'ਚ ਤਿਲਕੇ ਦਾ, ਕਾਹਦਾ ਗਿਲਾ। ਨੇਤਾ ਲੋਕਾਂ ਦੀ ਨਸਲ ਵੱਖਰੀ ਹੁੰਦੀ ਹੈ, ਗਧੇ ਵਾਂਗੂ ਦਿਨ ਰਾਤ ਲੋਕ ਸੇਵਾ 'ਚ ਜੁਟੇ ਰਹਿੰਦੇ ਨੇ, ਤਾਹੀਂ ਦੁਲੱਤੇ ਮਾਰਨ ਦੀ ਆਦਤ ਪੈ ਜਾਂਦੀ ਹੈ।

ਕੇਰਾਂ ਪਿੰਡ ਵਾਸੀਆਂ ਨੇ ਨੇਤਾ ਜੀ ਦੀ ਸੇਵਾ ਤੋਂ ਅੱਕ ਕੇ ਸ਼ਰੇਆਮ ਪਿੰਡ 'ਚ ਭੁਗਤ ਸਵਾਰ ਦਿੱਤੀ। ਗਧੇ ਦੀ ਸਵਾਰੀ ਦਾ,ਨਾਲੇ ਬੈਂਡ ਵਾਜੇ ਦਾ ਬੰਦੋਬਸਤ ਕੀਤਾ। ਗਧੇ 'ਤੇ ਬਿਠਾ ਪਿੰਡ ਦਾ ਚੱਕਰ ਲਵਾਇਆ। ਨਿੱਕੇ ਬੱਚਿਆਂ ਨੇ ਤਾੜੀਆਂ ਮਾਰੀਆਂ। ਪਹਿਲਾਂ ਗਧੇ ਤੋਂ ਹੇਠਾਂ ਤਸ਼ਰੀਫ਼ ਰੱਖੀ, ਫਿਰ ਨੇਤਾ ਜੀ ਬੋਲੇ, ਪਿਆਰੇ ਬੱਚਿਓ ! ਤੁਹਾਡਾ ਦਿਲੋਂ ਧੰਨਵਾਦ, ਦਾਸ ਦੀ ਏਨੀ ਹੌਸਲਾ ਅਫ਼ਜ਼ਾਈ ਕੀਤੀ। ਜਾਂਦੇ ਜਾਂਦੇ ਤਾਏ ਗ਼ਾਲਿਬ ਦੀ ਵੀ ਸੁਣਦੇ ਜਾਓ, 'ਕਾਬਾ ਕਿਸ ਮੂੰਹ ਸੇ ਜਾਓਗੇ ਗ਼ਾਲਿਬ, ਸ਼ਰਮ ਤੁਮਕੋ ਮਗਰ ਨਹੀਂ ਆਤੀ।







# ਲੋੜ ਹੈ ਨੌਜਵਾਨੀ ਨੂੰ ਵਿਸ਼ਵ, ਦੇਸ਼, ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਪ੍ਰਤੀ ਜਾਗਰੂਕ ਹੋਣ ਦੀ

**ਸੰਜੀਵ ਸਿੰਘ ਸੈਣੀ,**
**ਮੋਹਾਲੀ 7888966168**

ਜ਼ਿੰਦਗੀ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ। ਮਾਂ-ਬਾਪ ਦੇ ਕਿੰਨੇ ਹੀ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਹਨਾਂ ਦੀ ਔਲਾਦ ਪੜ੍ਹ ਲਿਖ ਕੇ ਸਮਾਜ ਦਾ ਨਾਂਅ ਰੌਸ਼ਨ ਕਰੇ। ਸਮਾਜ ਲਈ ਵਧੀਆ ਕੰਮ ਕਰੇ ਤਾਂ ਜੋ ਉਨ੍ਹਾਂ ਦਾ ਸਿਰ ਮਾਣ ਨਾਲ ਉੱਚਾ ਹੋਵੇ। ਵਿਚਾਰਨ ਵਾਲੀ ਗੱਲ ਹੈ ਤਕਰੀਬਨ ਕੁਝ ਸਮੇਂ ਤੋਂ ਨੌਜਵਾਨ ਪੀੜ੍ਹੀ ਕੁਰਾਹੇ ਪੈ ਗਈ ਹੈ। ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਨੌਜ਼ਵਾਨੀ ਰਸਾਤਲ ਵੱਲ ਲਗਾਤਾਰ ਵੱਧ ਰਹੀ ਹੈ। ਨੌਜ਼ਵਨੀ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੀ ਹੈ। ਬੰਗਲਾਦੇਸ਼ ਵਿੱਚ ਉਥੋਂ ਦੇ ਨੌਜਵਾਨਾਂ ਨੇ ਆਪਣੇ ਦੇਸ਼ ਦੀ ਸੰਸਦ ਅਤੇ ਪ੍ਰਧਾਨ ਮੰਤਰੀ ਨਿਵਾਸ ਅੰਦਰ ਜੋ ਸ਼ਰਮਨਾਕ ਕੰਮ ਕੀਤਾ, ਉਹ ਬਹੁਤ ਹੀ ਨਿੰਦਣਯੋਗ ਹੈ। ਕਾਨੂੰਨ ਆਪਣੇ ਹੱਥ ਵਿੱਚ ਲੈਣ ਦਾ ਕਿਸੇ ਵੀ ਦੇਸ਼ ਦੇ ਨੌਜਵਾਨ ਨੂੰ ਕੋਈ ਵੀ ਹੱਕ ਨਹੀਂ ਹੈ। ਇਸ ਸਮੇਂ ਵਿਸ਼ਵ ਵਿੱਚ ਹਿੰਸਕ ਅੰਦੋਲਨਾਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਬਹੁਤ ਜ਼ਿਆਦਾ ਹੋ ਗਈ ਹੈ। ਨੌਜਵਾਨ ਉਸ ਮੁਲਕ ਦਾ ਸਰਮਾਇਆ ਹੁੰਦੇ ਹਨ। ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੂਲਟ ਮੋਟਰਸਾਇਕਲ ਤੇ ਚਾਰ- ਚਾਰ ਬੰਦੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ, ਖੁੱਲ੍ਹੇ ਸਾਈਲੈਂਸਰ ਨਾਲ ਪਟਾਖੇ ਫੋੜਦੇ ਆਮ ਦੇਖੇ ਜਾ ਸਕਦੇ ਹਨ। ਜਦੋਂ ਰਾਹਗੀਰ ਕੋਈ ਜਾ ਰਿਹਾ ਹੁੰਦਾ ਹੈ ਤਾਂ ਅਜਿਹੇ ਸ਼ਰਾਰਤੀ ਨੌਜਵਾਨ ਬੁੱਲਟ ਤੇ ਪਟਾਖੇ ਫੋੜਦੇ ਹਨ ਤਾਂ ਇਹਨਾਂ ਦੀ ਤੇਜ਼ ਆਵਾਜ਼ ਕਰਕੇ ਉਹ ਘਬਰਾ ਜਾਂਦਾ ਹੈ। ਕਈ ਵਾਰ ਉਹ ਬੇਹੋਸ਼ ਹੋ ਕੇ ਡਿੱਗ ਜਾਂਦਾ ਹੈ। ਅਜਿਹੀਆਂ ਖ਼ਬਰਾਂ ਆਮ ਸੁਣਦੇ ਹਾਂ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਜਦੋਂ ਪੁਲਿਸ ਮੁਲਾਜ਼ਮ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਹੁੰਦੇ ਹਨ, ਤਾਂ ਅਜਿਹੇ ਸ਼ਰਾਰਤੀ ਨੌਜਵਾਨ ਜਿਨ੍ਹਾਂ ਕੋਲ ਗੱਡੀ ਦੇ ਪੇਪਰ ਜਾਂ ਡਰਾਈਵਿੰਗ ਲਾਇਸੰਸ ਬਿਲਕੁਲ ਵੀ ਨਹੀਂ ਹੁੰਦਾ। ਅਜਿਹੇ ਨੌਜਵਾਨ ਆਪਣਾ ਵ੍ਹੀਕਲ ਬਿਲਕੁਲ ਵੀ ਨਹੀਂ ਰੋਕਦੇ, ਸਗੋਂ ਪੁਲਿਸ ਆਲਿਆਂ ਦੇ ਉੱਪਰ ਹੀ ਚੜ੍ਹਾ ਕੇ ਉਨ੍ਹਾਂ ਨੂੰ ਜ਼ਖਮੀ ਕਰਨ ਦੀਆਂ ਖ਼ਬਰਾਂ ਅਸੀਂ ਆਮ ਸੁਣੀਆਂ ਹਨ। ਜਦੋਂ ਕਈ ਵਾਰ ਅਜਿਹੇ ਸ਼ਰਾਰਤੀ ਪੁਲੀਸ ਦੇ ਅੜਿੱਕੇ ਚੜ੍ਹ ਜਾਂਦੇ ਹਨ ਤਾਂ ਪੁਲਿਸ ਇਨ੍ਹਾਂ ਦਾ ਚਾਲਾਨ ਕੱਟਦੀ ਹੈ ਤੇ ਵਹੀਕਲਾਂ ਨੂੰ ਆਪਣੇ ਕਾਬੂ ਵਿੱਚ ਵੀ ਲੈ ਲੈਂਦੀ ਹੈ।ਮਾਰਚ ਮਹੀਨੇ ਹੋਲੀ ਦਾ ਤਿਉਹਾਰ ਲੰਘ ਕੇ ਗਿਆ ਹੈ। ਪਤਾ ਨਹੀਂ

ਪੁਲਿਸ ਨੇ ਕਿੰਨੇ ਹਜ਼ਾਰਾਂ ਚਲਾਨ ਕੱਟੇ ਹੋਣੇ, ਜਿਨ੍ਹਾਂ ਨੇ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ। ਫ਼ਿਰ ਵੀ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਕਲ ਨਹੀਂ ਆਈ ਹੋਣੀ।ਹਾਲ ਹੀ ਵਿੱਚ ਫਗਵਾੜਾ ਵਿਖੇ ਟੋਚਨ ਮੁਕਾਬਲੇ ਵਿੱਚ ਕਈ ਲੋਕ ਜ਼ਖਮੀ ਹੋ ਗਏ। ਪਾਬੰਦੀ ਹੋਣ ਦੇ ਬਾਵਜੂਦ ਵੀ ਟਰੈਕਟਰਾਂ ਦੀਆਂ ਰੇਸਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ। ਇਹ ਕੋਈ ਪਹਿਲਾਂ ਕੇਸ ਨਹੀਂ ਹੈ। ਕੁੱਝ ਕੁ ਮਹੀਨੇ ਪਹਿਲਾਂ ਵੀ ਟਰੈਕਟਰ ਰੇਸ ਮੁਕਾਬਲੇ ਵਿੱਚ ਨੌਜਵਾਨ ਦੀ ਮੌਤ ਹੋ ਚੁੱਕੀ ਸੀ।ਪੰਜ ਕੁ ਮਹੀਨੇ ਪਹਿਲਾਂ ਪੰਜਾਬ ਵਿੱਚ ਤਿੰਨ-ਚਾਰ ਅਜਿਹੀਆਂ ਵਾਰਦਾਤਾਂ ਹੋਈਆਂ, ਜਿਸ ਨੇ ਸਾਰਿਆਂ ਨੂੰ ਹੀ ਡਰਾ ਦਿੱਤਾ। ਅਜਨਾਲਾ ਥਾਣੇ ਤੇ ਪੁਲਿਸ ਨਾਲ ਕੀਤੀ ਗਈ ਮਾਰ ਕੁਟਾਈ, ਹਿਮਾਚਲ ਪ੍ਰਦੇਸ਼ ਦੇ ਮਨੀਕਰਨ ਸਾਹਿਬ ਵਿਖੇ ਸਥਾਨਕ ਵਸਨੀਕਾਂ ਨਾਲ ਪੱਥਰਬਾਜ਼ੀ, ਤੇ ਖ਼ਾਲਸਾ ਦੀ ਧਰਤੀ ਸੀ??ਆਨੰਦਪੁਰ ਸਾਹਿਬ ਵਿਖੇ ਕਨੇਡਾ ਤੋਂ ਆਏ ਨੌਜਵਾਨ ਦਾ ਹੋਇਆ ਕਤਲ। ਆਨੰਦਪੁਰ ਸਾਹਿਬ ਵਾਲੀ ਘਟਨਾ ਦਾ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਤੇ ਕੀ ਅਸਰ ਪਿਆ ਹੋਣਾ।ਸੋਚਣ ਵਾਲੀ ਗੱਲ ਹੈ।ਟਰੈਕਟਰਾਂ ਉੱਪਰ 15 ਤੋਂ 20 ਨੌਜਵਾਨ ਉੱਚੀ ਅਵਾਜ਼ ਵਿੱਚ ਭੜਕੀਲੇ ਗਾਣੇ ਲਗਾ ਕੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਆਮ ਦੇਖੇ ਜਾ ਸਕਦੇ ਹਨ। ਸੜਕਾਂ ਤੇ ਅਸੀਂ ਆਮ ਦੇਖਦੇ ਹਾਂ ਕਿ ਟਰੈਕਟਰਾਂ ਤੇ ਇੰਨੀ ਉੱਚੀ ਅਵਾਜ਼ ਵਿੱਚ ਗਾਣੇ ਚਲਾ ਕੇ ਆਪਣੀ ਮਸਤੀ ਕਰ ਰਹੇ ਹੁੰਦੇ ਹਨ। ਕਈ ਵਾਰ ਅਣਸੁਖਾਵੀਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਮਾਂ-ਬਾਪ ਆਪਣੀ ਔਲਾਦ ਨੂੰ ਕਹਿਣ ਤੋਂ ਡਰਦੇ ਹਨ। ਜੇ ਉਹ ਆਪਣੇ ਬੱਚਿਆ ਨੂੰ ਰੋਕਦੇ ਟੋਕਦੇ ਹਨ ਤਾਂ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਵਿੱਚ ਸ਼ਹਿਣਸ਼ੀਲਤਾ ਬਿਲਕੁਲ ਵੀ ਨਹੀ ਹੈ। ਗ਼ਲਤ ਕਦਮ ਚੁੱਕਦੇ ਨੇ। ਅਜਿਹੇ ਸ਼ਰਾਰਤੀ ਨੌਜਵਾਨ ਆਪਣੇ ਮਾਂ ਪਿਓ ਦਾ ਨਾਂ ਬਦਨਾਮ ਕਰਨ ਤੇ ਲੱਗੇ ਹੋਏ ਹਨ। ਮਾਂ-ਬਾਪ ਦੇ ਅੱਗੇ ਬੋਲਦੇ ਹਨ।ਮਾਰ ਕੁਟਾਈ ਤੱਕ ਕਰਦੇ ਹਨ। ਕਈ ਮਾਂ-ਪਿਉ ਤਾਂ ਆਪ ਕਹਿੰਦੇ ਹਨ ਕਿ ਅਸੀਂ ਤਾਂ ਆਪਣੀ ਅਜਿਹੀ ਔਲਾਦ ਤੋਂ ਬੇਔਲਾਦ ਚੰਗੇ ਸਨ। ਪਿੱਛੇ ਜਿਹੇ ਮੇਰਾ ਦੋ ਕੁ ਮਹੀਨੇ ਪਹਿਲਾਂ ਲੇਖ ਬਜ਼ੁਰਗਾਂ ਸੰਬੰਧੀ ਛਪਿਆ ਸੀ, ਤਕਰੀਬਨ ਮੈਨੂੰ ਕਈ ਫ਼ੋਨ ਆਏ। ਮਾਂ ਬਾਪ ਕਹਿ ਰਹੇ ਸਨ ਕਿ ਸਾਡੀ ਔਲਾਦ ਨੇ ਸਾਡਾ ਜਿਊਣਾ ਦੁੱਭਰ ਤੱਕ ਕਰ ਰੱਖਿਆ ਹੈ। ਨਸ਼ੇ ਕਰਦੇ ਹਨ। ਜੇ ਇਹਨਾਂ ਨੂੰ ਰੋਕਦੇ ਹਨ ਤਾਂ ਸਾਨੂੰ ਮਾਰ ਕਟਾਈ ਵੀ ਕਰਦੇ ਹਨ। ਨਸ਼ਿਆਂ ਦੀ ਭਰਪਾਈ ਲਈ ਘਰ ਦਾ ਸਮਾਨ ਤੱਕ ਵੇਚ ਦਿਤਾ।ਇੱਕ ਮਾਂ ਨੇ ਇਹ ਦੱਸਿਆਂ। ਗੱਲਾਂ ਸੁਣ ਕੇ ਮੇਰਾ ਸਰੀਰ ਕੰਬ ਗਿਆ। ਸੋਚੋ ਜਿਹੜੇ ਮਾਂ-ਬਾਪ ਕਿੰਨੀਆਂ ਤੰਗੀਆਂ ਕੱਟ ਕੇ ਤੁਹਾਨੂੰ ਪੜ੍ਹਾਉਂਦੇ ਲਿਖਾਉਂਦੇ ਹਨ, ਅੱਜ ਤੁਸੀਂ ਉਹਨਾਂ ਦੇ ਗੱਲ ਵਿੱਚ ਅਗੂਠਾ ਦੇ ਰਹੇ ਹੋ। ਘਰ ਵਿਚ ਕਿਸੇ ਦੀ ਇੱਜ਼ਤ ਨਹੀਂ ਕਰਦੇ। ਛੋਟੇ ਵੱਡੇ ਦਾ ਖਿਆਲ ਨਹੀਂ ਰੱਖਦੇ ਰੱਖਦੇ।

ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਇੱਕ ਹੀ ਪਿੰਡ ਦੇ 18 ਸਾਲ ਦੇ ਨੌਜਵਾਨਾਂ ਨੇ ਚਿੱਟੇ ਦਾ ਟੀਕਾ ਲਗਾਇਆ। ਚਿੱਟੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ। ਨੌਜਵਾਨ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਰਹੇ ਹਨ। ਅਕਸਰ ਚੋਰੀ ਦੀਆਂ ਵਾਰਦਾਤਾਂ ਵਿਚ ਅਜਿਹੇ ਸ਼ਰਾਰਤੀ ਨੌਜਵਾਨ ਆਮ ਫੜੇ ਜਾਂਦੇ ਹਨ। ਪੜ੍ਹਾਈ ਲਿਖਾਈ ਦਾ ਇਨ੍ਹਾਂ ਤੇ ਬਿਲਕੁਲ ਵੀ ਅਸਰ ਨਹੀਂ ਹੁੰਦਾ।ਅਕਸਰ ਕਾਲਜਾਂ ,ਯੂਨੀਵਰਸਿਟੀਆਂ ਵਿੱਚ ਵੀ ਜਦੋਂ ਅਜਿਹੇ ਸ਼ਰਾਰਤੀ ਨੌਜਵਾਨ ਜਾਂਦੇ ਹਨ, ਤਾਂ ਉਥੇ ਵੀ ਅਜਿਹੇ ਨੌਜਵਾਨ ਲੜਾਈ ਦਾ ਕਾਰਨ ਬਣਦੇ ਹਨ। ਇਨ੍ਹਾਂ ਤੇ ਫ਼ਿਰ ਯੂਨੀਵਰਸਿਟੀ ਵੱਲੋਂ ਕੇਸ ਦਰਜ ਕਰਵਾਏ ਜਾਂਦੇ ਹਨ। ਹੁੱਲੜਬਾਜ਼ੀ ਕਰਦੇ ਹਨ। ਗਲਤ ਸ਼ਬਦਾਂ ਦੀ ਵਰਤੋਂ ਕਰਦੇ ਹਨ।ਅਜਿਹੇ ਸ਼ਰਾਰਤੀ ਨੌਜਵਾਨਾਂ ਨੂੰ ਆਪਣੇ ਧਾਰਮਿਕ ਇਤਿਹਾਸ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਹੁੰਦੀ ਹੈ। ਹੁੱਲੜਬਾਜ਼ੀ ਕਰਦੇ ਅਜਿਹੇ ਨੌਜਵਾਨ ਸਾਰਿਆਂ ਲਈ ਪਰੇਸ਼ਾਨੀ ਖੜੀ ਕਰ ਰਹੇ ਹਨ। ਹੇਮਕੁੰਟ ਸਾਹਿਬ ਦੀ ਜਦੋਂ ਤੀਰਥ ਯਾਤਰਾ ਸ਼ੁਰੂ ਹੁੰਦੀ ਹੈ ,ਤਾਂ ਮੋਟਰਸਾਈਕਲਾਂ ਤੇ ਹੁੱਲੜਬਾਜ਼ੀ ਕਰਦੇ ਅਜਿਹੇ ਸ਼ਰਾਰਤੀ ਨੌਜਵਾਨ ਆਮ ਦੇਖੇ ਜਾ ਸਕਦੇ ਹਨ। ਧਾਰਮਿਕ ਸਥਾਨਾਂ ਵੱਲ ਜਾ ਕੇ ਵੀ ਇਹ ਨੌਜਵਾਨ ਆਪਣੇ ਸੂਬੇ ਦਾ ਨਾਂ ਬਦਨਾਮ ਕਰਨ ਤੇ ਲੱਗੇ ਹੋਏ ਹਨ। ਗਲਤ ਸ਼ਬਦਾਵਲੀ ਦੀ ਵਰਤੋਂ ਕਰ ਰਹੇ ਹਨ।ਹਾਲਾਂਕਿ ਹੁੱਲੜਬਾਜ਼ਾਂ ਨੂੰ ਪੁਲਿਸ ਪ੍ਰਸ਼ਾਸ਼ਨ ਵੱਲੋਂ ਹਿਰਾਸਤ ਵਿੱਚ ਵੀ ਲਿਆ ਜਾਂਦਾ ਹੈ। ਪੁਲਿਸ ਪ੍ਰਸ਼ਾਸਨ ਆਪਣੀ ਜ਼ਿਮੇਵਾਰੀ ਬਹੁਤ ਇਮਾਨਦਾਰੀ ਨਾਲ ਨਿਭਾਅ ਰਿਹਾ ਹੈ। ਧਾਰਮਿਕ ਤੇ ਆਮ ਮੇਲਿਆਂ ਵਿੱਚ ਲੜਾਈ ਝਗੜਾ ,ਕਤਲ,ਲੁੱਟ ਖੋਹ ਜਿਹੀਆਂ ਵਾਰਦਾਤਾਂ ਆਮ ਹੋ ਗਈਆਂ ਹਨ। ਧਾਰਮਿਕ ਸਥਾਨਾਂ ਵੱਲ ਜਾਂਦੇ ਅਜਿਹੇ ਨੌਜਵਾਨ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਕਈ ਵਾਰ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਕਿੰਨਾ ਚੰਗਾ ਹੋਵੇ ਜੇ ਅਜਿਹੀਆਂ ਭੈੜੀ ਹਰਕਤਾਂ ਨਾ ਕੀਤੀਆਂ ਜਾਣ। ਕਿਸੇ ਵੀ ਤਰ੍ਹਾਂ ਦੀ ਤਬਦੀਲੀ ਲਈ ਨੌਜਵਾਨਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਕਿਸੇ ਵੀ ਬੁਰਾਈ ਦੇ ਖ਼ਿਲਾਫ਼ ਜੇ ਨੌਜਵਾਨ ਡੱਟ ਕੇ ਖੜੇ ਹੋ ਜਾਣ ਤਾਂ ਦਹੇਜ ,ਭ੍ਰਿਸ਼ਟਾਚਾਰ, ਭਰੂਣ ਹੱਤਿਆ, ਵਾਤਾਵਰਣ ,ਜਬਰ ਜਨਾਹ ਆਦਿ ਕੁਰੀਤੀਆਂ ਖ਼ਤਮ ਹੋ ਸਕਦੀਆਂ ਹਨ।ਨੌਜਵਾਨੀ ਨੂੰ ਅੱਜ ਬਚਾਉਣ ਦੀ ਲੋੜ ਹੈ। ਮਾਪਿਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ, ਵਧੀਆ ਸਿੱਖਿਆ ਜਰੂਰ ਦੇਣ।

**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

**403-232-6220**








# ਭਾਰਤੀ ਸੰਗੀਤ ਜਗਤ ਦੀ ਆਸ਼ਾ ਦਾ ਅੰਤ ਪਰ ਉਸਦੇ ਗੀਤ ਸਦਾ ਗੂੰਜ਼ਦੇ ਰਹਿਣਗੇ

**ਆਸ਼ਾ ਭੌਂਸਲੇ ਦਾ ਕਰੀਅਰ ਅਜੇ ਸ਼ੁਰੂ ਹੀ ਹੋਇਆ ਸੀ ਕਿ 16 ਸਾਲ ਦੀ ਉਮਰ ਵਿੱਚ ਉਸਨੇ ਆਪਣੀ ਭੈਣ ਲਤਾ ਮੰਗੇਸ਼ਕਰ ਦੇ ਸੈਕਟਰੀ ਗਣਪਤ ਰਾਓ ਨਾਲ ਵਿਆਹ ਕਰਵਾ ਲਿਆ। ਗਣਪਤ ਰਾਓ ਆਸ਼ਾ ਤੋਂ ਲਗਭਗ 20 ਸਾਲ ਵੱਡੇ ਸਨ। ਇਹ ਰਿਸ਼ਤਾ ਲਤਾ ਮੰਗੇਸ਼ਕਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਨਜ਼ੂਰ ਨਹੀਂ ਸੀ। ਇਸ ਨਾਲ ਆਸ਼ਾ ਅਤੇ ਲਤਾ ਮੰਗੇਸ਼ਕਰ ਵਿਚਕਾਰ ਦਰਾਰ ਪੈਦਾ ਹੋ ਗਈ,ਜੋ ਲੰਬੇ ਸਮੇਂ ਤੱਕ ਬਣੀ ਰਹੀ। ਇੱਕ ਪੁਰਾਣੇ ਇੰਟਰਵਿਊ ਵਿੱਚ ਆਸ਼ਾ ਭੌਂਸਲੇ ਨੇ ਆਪਣੇ ਵਿਆਹ ਬਾਰੇ ਕਿਹਾ ਕਿ ਮੇਰੇ ਪਤੀ ਦਾ ਪਰਿਵਾਰ ਰੂੜੀਵਾਦੀ ਸੀ ਅਤੇ ਇੱਕ ਗਾਇਕੀ ਸਟਾਰ ਨੂੰ ਸਵੀਕਾਰ ਨਹੀਂ ਕਰ ਸਕਦਾ ਸੀ। ਜਦੋਂ ਮੈਂ ਆਪਣੇ ਛੋਟੇ ਪੁੱਤਰ ਆਨੰਦ ਨੂੰ ਜਨਮ ਦੇਣ ਵਾਲੀ ਸੀ ਤਾਂ ਪਰਿਵਾਰ ਨੇ ਮੈਨੂੰ ਆਪਣੇ ਮਾਪਿਆਂ ਦੇ ਘਰ ਵਾਪਸ ਜਾਣ ਲਈ ਕਿਹਾ ਸੀ ।**



**ਜਗਤਾਰ ਸਮਾਲਸਰ,**
ਏਲਨਾਬਾਦ, ਸਿਰਸਾ ਹਰਿਆਣਾ
ਸੰਪਰਕ 94670 95953

ਪ੍ਰਸਿੱਧ ਗਾਇਕਾ ਆਸ਼ਾ ਭੌਂਸਲੇ 12 ਅਪਰੈਲ ਨੂੰ 92 ਸਾਲ ਦੀ ਉਮਰ ਭੋਗਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ ਪਰ ਉਹ ਆਪਣੇ ਸਦਾਬਹਾਰ ਗੀਤਾਂ ਰਾਹੀਂ ਕਦੇ ਵੀ ਭਾਰਤੀ ਸੰਗੀਤ ਜਗਤ ਤੋਂ ਵੱਖ ਨਹੀਂ ਹੋਵੇਗੀ। ਉਨ੍ਹਾਂ ਨੇ ਪਲੇਬੈਕ ਸਿੰਗਰ ਦੇ ਤੌਰ ਤੇ ਫਿਲਮੀ ਜਗਤ ਵਿੱਚ ਜੋ ਨਾਮਣਾ ਖੱਟਿਆ ਉਹ ਲਾਜਵਾਬ ਹੈ।

ਆਸ਼ਾ ਭੌਂਸਲੇ ਦਾ ਜਨਮ 8 ਸਤੰਬਰ 1933 ਸਾਂਗਲੀ (ਮਹਾਰਾਸ਼ਟਰ) ਵਿੱਚ ਇੱਕ ਸੰਗੀਤਕ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਪੰਡਿਤ ਦੀਨਾਨਾਥ ਮੰਗੇਸ਼ਕਰ ਇੱਕ ਅਦਾਕਾਰ ਅਤੇ ਸ਼ਾਸਤਰੀ ਗਾਇਕ ਸਨ। ਆਸ਼ਾ ਭੌਂਸਲੇ ਭਾਰਤ ਦੀ ਬੁਲਬੁਲ ਲਤਾ ਮੰਗੇਸ਼ਕਰ ਦੀ ਛੋਟੀ ਭੈਣ ਸੀ। ਉਨ੍ਹਾਂ ਦੇ ਪਿਤਾ ਦਾ ਦੇਹਾਂਤ ਉਦੋਂ ਹੋਇਆ ਜਦੋਂ ਉਹ ਸਿਰਫ ਨੌਂ ਸਾਲ ਦੀ ਸੀ। ਇਸ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਪੁਣੇ ਤੋਂ ਕੋਲਹਾਪੁਰ ਅਤੇ ਬਾਅਦ ਵਿੱਚ ਮੁੰਬਈ ਚਲਾ ਗਿਆ। ਆਪਣੀ ਵੱਡੀ ਭੈਣ ਲਤਾ ਮੰਗੇਸ਼ਕਰ ਦੇ ਨਕਸ਼ੇ-ਕਦਮਾਂ ਤੇ ਚੱਲਦੇ ਹੋਏ ਉਹ ਵੀ ਸੰਗੀਤ ਦੀ ਦੁਨੀਆ ਵਿੱਚ ਪ੍ਰਵੇਸ਼ ਕਰ ਗਈ। ਦੋਵੇਂ ਭੈਣਾਂ ਨੇ ਫਿਲਮਾਂ ਵਿੱਚ ਗਾਉਣਾ ਸ਼ੁਰੂ ਕੀਤਾ। ਆਸ਼ਾ ਭੌਂਸਲੇ ਦਾ ਪਹਿਲਾ ਗੀਤ ਮਰਾਠੀ ਫਿਲਮ "ਮਾਝਾ ਬਾਲ" (1943) ਵਿੱਚ "ਚਲਾ ਚਲ ਸੀ। ਉਸਦਾ ਪਹਿਲਾ ਬਾਲੀਵੁੱਡ ਗੀਤ "ਚੁਨਰੀਆ" (1948) ਵਿੱਚ "ਸਾਵਨ ਆਇਆ" ਸੀ। ਇੱਥੋਂ ਸ਼ੁਰੂ ਹੋਇਆ ਉਸਦਾ ਸੰਗੀਤਕ ਅਤੇ ਗੀਤਾਂ ਦਾ ਸਫ਼ਰ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੱਕ ਚੱਲਿਆ ਅਤੇ ਆਸ਼ਾ ਭੌਂਸਲੇ ਜਲਦੀ ਹੀ ਭਾਰਤੀ ਸੰਗੀਤ ਦੀਆਂ ਮਹਾਨ ਹਸਤੀਆਂ ਵਿੱਚੋਂ ਇੱਕ ਬਣ ਗਈ।

1940 ਦੇ ਦਹਾਕੇ ਦੇ ਅਖੀਰ ਤੋਂ ਲੈ ਕੇ 1950 ਦੇ ਦਹਾਕੇ ਦੇ ਸ਼ੁਰੂ ਤੱਕ ਆਸ਼ਾ ਭੌਂਸਲੇ ਨੇ ਗੀਤਾ ਦੱਤ,ਸ਼ਮਸ਼ਾਦ ਬੇਗਮ ਅਤੇ ਲਤਾ ਮੰਗੇਸ਼ਕਰ ਵਰਗੀਆਂ ਪ੍ਰਮੁੱਖ ਗਾਇਕਾਵਾਂ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨਾ ਸ਼ੁਰੂ ਕੀਤਾ। 1950 ਦੇ ਦਹਾਕੇ ਦੌਰਾਨ ਆਸ਼ਾ ਭੌਂਸਲੇ ਨੇ ਹੋਰ ਪਲੇਬੈਕ ਗਾਇਕਾਂ ਨਾਲੋਂ ਹਿੰਦੀ ਫਿਲਮਾਂ ਵਿੱਚ ਜ਼ਿਆਦਾ ਗੀਤ ਗਾਏ। ਜਿਨ੍ਹਾਂ ਵਿੱਚੋਂ ਜ਼ਿਆਦਾਤਰ ਘੱਟ ਬਜਟ ਵਾਲੀਆਂ ਫਿਲਮਾਂ ਵਿੱਚ ਸਨ। ਉਸਦੇ ਸ਼ੁਰੂਆਤੀ ਗੀਤ ਏ.ਆਰ.ਕੁਰੈਸ਼ੀ,ਸੱਜਾਦ ਹੁਸੈਨ,ਐਸ. ਮੋਹਿੰਦਰ,ਸਰਦਾਰ ਮਲਿਕ,ਗੁਲਾਮ ਮੁਹੰਮਦ ਅਤੇ ਕਈ ਹੋਰ ਸੰਗੀਤਕਾਰਾਂ ਦੁਆਰਾ ਰਚੇ ਗਏ ਸਨ। ਆਸ਼ਾ ਭੌਂਸਲੇ ਨੂੰ ਸੱਜਾਦ ਹੁਸੈਨ ਦੁਆਰਾ ਰਚਿਤ ਫਿਲਮ "ਸੰਗਦਿਲ" (1952) ਦੇ ਗੀਤ ਗਾਉਣ ਤੋਂ ਬਾਅਦ ਪ੍ਰਸਿੱਧੀ ਮਿਲੀ। ਉਸੇ ਸਾਲ ਉਸਨੇ ਓ.ਪੀ. ਨਈਅਰ ਦੁਆਰਾ ਨਿਰਦੇਸ਼ਤ ਫਿਲਮ "ਛਮ ਛਮਾ ਛਮ" ਵਿੱਚ ਮੁੱਖ ਭੂਮਿਕਾ ਨਿਭਾਈ ਅਤੇ ਫਿਲਮ ਦੇ 11 ਗੀਤਾਂ ਵਿੱਚੋਂ 10 ਗੀਤ ਵੀ ਗਾਏ। ਫਿਰ ਬਿਮਲ ਰਾਏ ਨੇ ਉਸਨੂੰ ਪਰਿਣੀਤਾ (1953) ਵਿੱਚ ਇੱਕ ਭੂਮਿਕਾ ਦੀ ਪੇਸ਼ਕਸ਼ ਕੀਤੀ। ਰਾਜ ਕਪੂਰ ਨੇ ਉਸਨੂੰ ਫਿਲਮ ਬੂਟ ਪੋਲਿਸ਼ (1954) ਦੇ ਸਾਰੇ ਗੀਤ ਗਾਉਣ ਲਈ ਸਾਈਨ ਕੀਤਾ,ਜਿਸ ਨਾਲ ਉਸਨੂੰ ਬੇਮਿਸਾਲ ਪ੍ਰਸਿੱਧੀ ਮਿਲੀ।

ਆਸ਼ਾ ਭੌਂਸਲੇ ਦਾ ਕਰੀਅਰ ਅਜੇ ਸ਼ੁਰੂ ਹੀ ਹੋਇਆ ਸੀ ਕਿ 16 ਸਾਲ ਦੀ ਉਮਰ ਵਿੱਚ ਉਸਨੇ ਆਪਣੀ ਭੈਣ ਲਤਾ ਮੰਗੇਸ਼ਕਰ ਦੇ ਸੈਕਟਰੀ ਗਣਪਤ ਰਾਓ ਨਾਲ ਵਿਆਹ ਕਰਵਾ ਲਿਆ। ਗਣਪਤ ਰਾਓ ਆਸ਼ਾ ਤੋਂ ਲਗਭਗ 20 ਸਾਲ ਵੱਡੇ ਸਨ। ਇਹ ਰਿਸ਼ਤਾ ਲਤਾ ਮੰਗੇਸ਼ਕਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਨਜ਼ੂਰ ਨਹੀਂ ਸੀ। ਇਸ ਨਾਲ ਆਸ਼ਾ ਅਤੇ ਲਤਾ ਮੰਗੇਸ਼ਕਰ ਵਿਚਕਾਰ ਦਰਾਰ ਪੈਦਾ ਹੋ ਗਈ,ਜੋ ਲੰਬੇ ਸਮੇਂ ਤੱਕ ਬਣੀ ਰਹੀ। ਇੱਕ ਪੁਰਾਣੇ ਇੰਟਰਵਿਊ ਵਿੱਚ ਆਸ਼ਾ ਭੌਂਸਲੇ ਨੇ ਆਪਣੇ ਵਿਆਹ ਬਾਰੇ ਕਿਹਾ ਕਿ ਮੇਰੇ ਪਤੀ ਦਾ ਪਰਿਵਾਰ ਰੂੜੀਵਾਦੀ ਸੀ ਅਤੇ ਇੱਕ ਗਾਇਕੀ ਸਟਾਰ ਨੂੰ ਸਵੀਕਾਰ ਨਹੀਂ ਕਰ ਸਕਦਾ ਸੀ। ਜਦੋਂ ਮੈਂ ਆਪਣੇ ਛੋਟੇ ਪੁੱਤਰ ਆਨੰਦ ਨੂੰ ਜਨਮ ਦੇਣ ਵਾਲੀ ਸੀ ਤਾਂ ਪਰਿਵਾਰ ਨੇ ਮੈਨੂੰ ਆਪਣੇ ਮਾਪਿਆਂ ਦੇ ਘਰ ਵਾਪਸ ਜਾਣ ਲਈ ਕਿਹਾ ਸੀ । ਆਸ਼ਾ ਭੌਂਸਲੇ ਅਤੇ ਗਣਪਤ ਰਾਓ ਦਾ ਵਿਆਹ ਜ਼ਿਆਦਾ ਦੇਰ ਨਹੀਂ ਚੱਲ ਸਕਿਆ । 11 ਸਾਲਾਂ ਬਾਅਦ ਉਹ ਵੱਖ ਹੋ ਗਏ। ਆਸ਼ਾ ਭੌਂਸਲੇ ਅਤੇ ਗਣਪਤ ਰਾਓ ਦੇ ਤਿੰਨ ਬੱਚੇ ਸਨ।


ਗਣਪਤ ਰਾਓ ਤੋਂ ਵੱਖ ਹੋਣ ਅਤੇ ਉਨ੍ਹਾਂ ਦੇ ਪਹਿਲੇ ਵਿਆਹ ਦੇ ਟੁੱਟਣ ਤੋਂ ਬਾਅਦ ਆਸ਼ਾ ਭੌਂਸਲੇ ਨੇ ਪ੍ਰਸਿੱਧ ਸੰਗੀਤਕਾਰ ਆਰਡੀ ਬਰਮਨ ਨਾਲ 1980 ਵਿੱਚ ਵਿਆਹ ਕੀਤਾ ਅਤੇ ਇਸ ਜੋੜੇ ਨੇ ਸੰਗੀਤ ਜਗਤ ਨੂੰ ਕਈ ਯਾਦਗਾਰੀ ਗੀਤ ਦਿੱਤੇ। ਉਨ੍ਹਾਂ ਦਾ ਵਿਆਹ 1994 ਵਿੱਚ ਆਰਡੀ ਬਰਮਨ ਦੀ ਮੌਤ ਤੱਕ ਚੱਲਿਆ।ਆਸ਼ਾ ਭੌਂਸਲੇ ਦਾ ਕਰੀਅਰ ਲਗਭਗ ਪੰਜ ਦਹਾਕਿਆਂ ਤੱਕ ਚੱਲਿਆ ਇਸ ਦੌਰਾਨ ਉਸਨੇ 14 ਭਾਸ਼ਾਵਾਂ ਵਿੱਚ ਫਿਲਮੀ, ਪੌਪ,ਗਜ਼ਲ,ਭਜ਼ਨ,ਸ਼ਾਸਤਰੀ ਸੰਗੀਤ ਸਹਿਤ ਕਰੀਬ 12,000 ਗੀਤ ਗਾਏ ਅਤੇ ਪ੍ਰਸਿੱਧ ਸੰਗੀਤਕਾਰਾਂ ਨਾਲ ਕੰਮ ਕੀਤਾ। ਇਸ ਸਮੇਂ ਦੌਰਾਨ ਉਸਨੇ ਬਹੁਤ ਸਾਰੇ ਯਾਦਗਾਰੀ ਗੀਤ ਭਾਰਤੀ ਸੰਗੀਤ ਜਗਤ ਨੂੰ ਦਿੱਤੇ। ਸਾਲ 1997 ਵਿੱਚ ਉਹ ਗਰੈਮੀ ਪੁਰਸਕਾਰ ਲਈ ਚੁਣੇ ਜਾਣ ਵਾਲੀ ਪਹਿਲੀ ਭਾਰਤੀ ਗਾਇਕਾ ਬਣੀ। ਸਾਲ 2000 ਵਿੱਚ ਉਨ੍ਹਾਂ ਨੂੰ ਦਾਦਾ ਸਾਹਬ ਫਾਲਕੇ ਪੁਰਸਕਾਰ ਮਿਲਿਆ। ਸਾਲ 2008 ਵਿੱਚ ਤੱਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ। ਉਨ੍ਹਾਂ ਨੇ ਸਾਲ 2011 ਵਿੱਚ ਸਭ ਤੋਂ ਜ਼ਿਆਦਾ ਗੀਤ ਗਾ ਕੇ ਗਨੀਜ਼ ਬੁੱਕ ਆਫ ਵਰਲਡ ਵਿੱਚ ਆਪਣਾ ਨਾਮ ਦਰਜ ਕਰਵਾਇਆ।

**ਆਸ਼ਾ ਭੌਂਸ਼ਲੇ ਦੇ ਯਾਦਗਾਰੀ ਗੀਤ**

ਚੁਰਾ ਲੀਆ ਹੈ ਤੁਮ ਨੇ ਜੋ ਦਿਲ ਕੋ (ਯਾਦੋਂ ਕੀ ਬਰਾਤ ) ਲੇ ਕੇ ਪਹਿਲਾ ਪਹਿਲਾ ਪਿਆਰ (ਸੀਆਈਡੀ) ਉਡੇ ਜਬ ਜਬ ਜ਼ੁਲਫੇ (ਨਿਆ ਦੌਰ) ਓ ਹੁਸੀਨਾ ਜ਼ੁਲਫੋਂ ਵਾਲੀ (ਤੀਸਰੀ ਮੰਜ਼ਲ) ਕਜਰਾ ਮੁਹੱਬਤ ਵਾਲਾ (ਕਿਸਮਤ) ਝੁਮਕਾ ਗਿਰਾ ਰੇ (ਮੇਰਾ ਸਾਇਆ) ਅਭੀ ਨਾ ਜਾਓ ਛੋਡ ? ਕਰ (ਹਮ ਦੋਨੋਂ) ਮੇਰਾ ਕੁਛ ਸਮਾਨ (ਇਜ਼ਾਜਤ) ਆਓ ਨਾ ਗਲੇ ਲੱਗ ਜਾਓ ਨਾ (ਮੇਰੇ ਜੀਵਨ ਸਾਥੀ) ਕੋਈ ਸ਼ਹਿਰੀ ਬਾਬੂ (ਲੋਫਰ) ਦੋ ਲਫਜ਼ੋਂ ਕੀ ਹੈ ਦਿਲ ਕੀ ਕਹਾਣੀ (ਦਿ ਗਰੇਟ ਗੈਬਲਰ) ਦਮ ਮਾਰੋ ਦਮ (ਹਰੇ ਰਾਮਾ ਹਰੇ ਕ੍ਰਿਸ਼ਨਾ) ਪੀਆ ਤੂੰ ਅਬ ਤੋਂ ਆ ਜਾ (ਕਾਰਵਾਂ) ਯੇ ਮੇਰਾ ਦਿਲ (ਡਾਨ) ਓ ਮੇਰੇ ਸੋਨਾ ਰੇ ਸੋਨਾ ਰੇ (ਤੀਸਰੀ ਮੰਜ਼ਲ) ਪਰਦੇ ਮੇਂ ਰਹਿਣੇ ਦੋ (ਸ਼ਿਕਾਰ) ਏਕ ਹੁਸੀਨਾ ਥੀ (ਕਰਜ਼) ਮੁਝੇ ਨੌਲੱਖਾ ਮੰਗਾ ਦੇ ਰੇ (ਸ਼ਰਾਬੀ) ਦਿਲ ਚੀਜ਼ ਕਿਆ ਹੈ (ਉਮਰਾਓ ਜਾਨ) ਆਈਏ ਮਿਹਰਬਾਨ (ਹਾਵੜਾ ਬਰਿੱਜ) ਯੇ ਵਾਦਾ ਰਹਾ (ਯੇ ਵਾਦਾ ਰਹਾ) ਜਰਾ ਸਾ ਝੂਮ ਲੂ ਮੈਂ (ਦਿਲ ਵਾਲੇ ਦੁਲਹਨੀਆਂ ਲੇ ਜਾਏਗੇ) ਸਪਨੋਂ ਮੇਂ ਮਿਲਤੀ ਹੈ (ਸੱਤਿਆ) ਲੇ ਗਈ ਲੇ (ਦਿਲ ਤੋਂ ਪਾਗਲ ਹੈ) ਤੋਂ ਇਲਾਵਾਂ ਉਨ੍ਹਾਂ ਦੇ ਅਣਗਿਣਤ ਗੀਤ ਐਨੇ ਮਕਬੂਲ ਹੋਏ ਕਿ ਉਸਦੀ ਅਵਾਜ਼ ਸਦਾ ਭਾਰਤ ਦੇ ਸੰਗੀਤ ਜਗਤ ਵਿੱਚ ਗੂਜ਼ਦੀ ਰਹੇਗੀ।

# ਸੰਦੀਪ ਕੌਰ ਰੂਹਵ ਦੀਆਂ ਦੋ ਪੁਸਤਕਾਂ

## ‘ਇੱਕ ਲੱਪ ਮੁਹੱਬਤ’ ਅਤੇ ; ‘ਚੁੱਪ ! ਬੱਸ ਕੁਝ ਬੋਲੀ ਨਾ’







**ਇਨ੍ਹਾਂ ਕਹਾਣੀਆਂ ਵਿੱਚ ਲੇਖਿਕਾ ਆਲੇ ਦੁਆਲੇ ਵਾਪਰਦੇ ਹਾਲਾਤਾਂ, ਵਾਪਰ ਰਹੀਆਂ ਤੇ ਵਾਪਰ ਚੁੱਕੀਆਂ ਅੱਖੀਂ ਡਿਠੀਆਂ ਜਾਂ ਸੁਣੀਆਂ ਘਟਨਾਵਾਂ ਨੂੰ ਇਸ ਦਾ ਵਿਸ਼ਾ ਬਣਾਉਂਦੀ ਹੈ। ‘ਚੁੱਪ’ ਸ਼ਬਦ ਆਪਣੇ ਆਪ ਵਿੱਚ ਹੀ ਕੁੱਝ ਨਾ ਬੋਲ ਸਕਣ ਦੀ ਹਿੰਮਤ, ਖ਼ੌਫ਼, ਅੰਤਰ-ਦਵੰਧ ਜਾਂ ਕੋਈ ਬਾਹਰੀ ਦਬਾਅ ਦਰਸਾਉਂਦਾ ਹੈ, ਜੋ ਧੁਰ ਅੰਦਰ ਤੱਕ ਚੀਕ ਬਣ ਕੁਲਬੁਲਾਉਂਦੇ ਸ਼ਬਦ ਤਾਂ ਹਨ, ਪਰ ਮੂੰਹੋਂ ਬਾਹਰ ਨਹੀਂ ਨਿਕਲਦੇ। ਇਹ ਬਾਹਰੀ ਸਮਾਜਕ ਕਾਰਨਾਂ ਦਾ ਨਤੀਜਾ ਤਾਂ ਹੁੰਦਾ ਹੀ ਹੈ, ਪਰ ਵਿਅਕਤੀ ਦੀ ਆਪਣੀ ਅਸਮਰਥਾ ਵੀ ਜ਼ਾਹਿਰ ਕਰਦਾ ਹੈ।**

ਸੰਦੀਪ ਕੌਰ ਰੂਹਵ ਦੇ ਪਲੇਠੇ ਕਾਵਿ-ਸੰਗ੍ਰਿਹ ‘ਕੰਧਾਂ ਦੇ ਓਹਲੇ’ ਤੋਂ ਬਾਦ ਅੱਗੜ ਪਿੱਛੜ ਦੋ ਕਹਾਣੀ ਸੰਗ੍ਰਿਹ ‘ਇੱਕ ਲੱਪ ਮੁਹੱਬਤ ਅਤੇ ‘ਚੁੱਪ! ਬੱਸ ਕੁਝ ਬੋਲੀਂ ਨਾ’ ਛਪ ਕੇ ਤਿਆਰ ਹੋਏ ਹਨ। ਭਾਵਪੂਰਤ ਕਵਿਤਾਵਾਂ ਦੀ ਕਵਿੱਤਰੀ ਇਨ੍ਹਾਂ ਕੁੱਝ ਮਿੰਨੀ ਅਤੇ ਬਾਕੀ ਛੋਟੀਆਂ ਕਹਾਣੀਆਂ ਨਾਲ ਕਹਾਣੀਕਾਰ ਦੀ ਕਤਾਰ ਵਿੱਚ ਵੀ ਸ਼ਾਮਲ ਹੋ ਗਈ ਹੈ। ਇਸ ਲਈ ਲੇਖਿਕਾ ਵਧਾਈ ਦੀ ਪਾਤਰ ਹੈ।

### ’ਇੱਕ ਲੱਪ ਮੁਹੱਬਤ’

‘ਇੱਕ ਲੱਪ ਮੁਹੱਬਤ’ ਕਹਾਣੀ ਸੰਗ੍ਰਿਹ ਜਨਵਰੀ 2025 ਵਿੱਚ ਛਪਿਆ। ਇਸ ਪੇਪਰ ਬੈਕ ਕਿਤਾਬ ਦੀਆਂ 120 ਕੁ ਪੰਨਿਆਂ ਵਿੱਚ ਸਿਮਟੀਆਂ ਛੋਟੀਆਂ ਤੇਰਾਂ ਕਹਾਣੀਆਂ, ਜਵਾਨੀ ਪਹਿਰੇ ਦੋ ਦਿਲਾਂ ਵਿੱਚ ਇੱਕ ਦੂਜੇ ਲਈ ਪੁੰਗਰਦੇ ਮੁਹੱਬਤ ਦੇ ਅਹਿਸਾਸ, ਇਨ੍ਹਾਂ ਪਿਆਰ ਪਰੁੰਨੇ ਦਿਲਾਂ ਲਈ ਸਮਾਜ ਰੂਪੀ ਝਨਾਂ ਪਾਰ ਕਰਨ
ਦੀ ਚੁਨੌਤੀਆਂ ਅਤੇ ਆਪਣਿਆਂ ਦੇ ਮਾਰੂਥਲ ਵਰਗੇ ਰਵੱਈਏ ਨੂੰ ਮੋਹ ਨਾਲ ਬਦਲਣ ਦਾ ਔਖਾ ਕੰਮ, ਸਮਾਜ ਵਿੱਚ ਮੁਹੱਬਤ ਕਰਨਾ ਤਾਂ ਦੂਰ ਕਹਿਣਾ ਵੀ ਨਾ-ਬਖਸ਼ਣ ਯੋਗ ਗੁਨਾਹ
ਸਮਝਿਆ ਜਾਣਾ, ਮੁਹੱਬਤ ਦੇ ਰਿਸ਼ਤੇ ਨੂੰ ਘਟੀਆ, ਖਾਨਦਾਨ ਦੀ ਆਬਰੂ ਤੇ ਲਗਿਆ ਕਲੰਕ ਤੇ ਨਜਾਇਜ਼ ਆਖਿਆ ਜਾਣਾ, ਇੱਕ ਲੱਪ ਮੁਹੱਬਤ ਕਰਨ ਵਾਲੇ ਜਾਂ ਇਸ ਦੀ ਚਾਹਤ ਰੱਖਣ ਵਾਲੇ ਚੜ੍ਹਦੀ ਉਮਰ ਦੇ ਨੌਜੁਆਨ ਮੁੰਡੇ-ਕੁੜੀਆਂ ਦੇ ਮਾਸੂਮ ਜਜ਼ਬਾਤਾਂ ਦਾ ਉਲੇਖ ਕਰਦੀਆਂ ਹਨ।

ਲੇਖਿਕਾ ਮੁਤਾਬਕ ਇਨ੍ਹਾਂ ਮੁਹੱਬਤੀ ਕਹਾਣੀਆਂ ਦਾ ਅਗਾਜ਼ ਪਿੰਡ ਦੀ ਭੀੜੀ ਜਿਹੀ ਗਲੀ ਵਿਚੋਂ ਹੁੰਦਾ, ਸਾਉਣ ਦੀਆਂ ਬਹਾਰਾਂ ਨਾਲ ਜੁਆਨ ਹੋਈ ਮੁਹੱਬਤ ਜੇਠ ਹਾੜ ਦੀਆਂ ਲੂਅ ਦੇ ਥਪੇੜਿਆਂ ਨਾਲ ਅਕਸਰ ਮਿੱਟੀ ਵਿੱਚ ਰਲ ਜਾਣ ਦੀ ਹੋਣੀ ਬਣ ਗੁਜ਼ਰਦੀ ਹੈ। ਕਦੇ ਇਹ ਮੁਹੱਬਤੀ ਗੰਧ ਸ਼ਹਿਰ ਦੇ ਕਿਸੇ ਗੁੰਮਨਾਮ ਜਿਹੇ ਮੁੱਹਲੇ ਦੀ ਛੱਤ ਤੋਂ ਹੁੰਦੀ ਹੋਈ ਗਲੀ ਮੁਹੱਲਿਆਂ ਨੂੰ ਗਾਹੁੰਦੀ ਹੋਈ ਦੁਨੀਆਂ ਦੇ ਤਿੱਖੇ ਵਾਰ ਨਾ ਸਹਾਰਦੀ ਗੁੰਮਨਾਮੀ ਦੀ ਮੌਤ ਮਰ ਜਾਣ ਦਾ ਸੰਤਾਪ ਹੰਢਾਉਂਦੀ ਹੈ। ਅਕਸਰ ਜਵਾਨੀ ਪਹਿਰੇ ਕਾਲਜ ਯੂਨੀਵਰਸਿਟੀਆਂ ਦੇ ਕਲਾਸ-ਰੂਮ ਵਿੱਚ ਪਹਿਲੀ ਨਜ਼ਰੇ ਉਗਮੀ ਮੁਹੱਬਤ, ਖੁੱਲ੍ਹੇ ਲਾਅਨ ਵਿੱਚ ਬੂਟਿਆਂ ਵਾਂਗ ਵਧੀ ਫੁੱਲੀ ਮੁਹੱਬਤ ਕਾਲਜ ਦੇ ਮੇਨ ਗੇਟ ਤੇ ਆਖਰੀ ਅਲਵਿਦਾ ਆਖ ਦਮ ਤੋੜ ਦੇਂਦੀ ਹੈ।

ਇਸੇ ਤਰ੍ਹਾਂ ਦੀ ਲੱਪ ਕੁ ਮੁਹੱਬਤ ਹੰਢਾਉਂਦੇ ਜਵਾਨ ਦਿੱਲਾਂ ਦੀਆਂ ਕਹਾਣੀਆਂ ਹਨ ‘ਬ੍ਰੇਕ ਅੱਪ’ ਆਪਾਂ ਫਿਰ ਮਿਲਾਂਗੇ’ ‘ਪਹਿਲਾ ਤੇ ਆਖਰੀ ਖਤ’ ‘ਅੜੀ’ ‘ਦੋਸਤੀ ਵਾਲੀ ਮੁੱਹਬਤ’ ‘ਅੰਜ਼ਾਮ’ ਤੇ ਬਾਕੀ ਦੀਆਂ ਕਹਾਣੀਆਂ। ਲੇਖਿਕਾ ਦਾ ਕਵਿੱਤਰੀ ਹੋਣਾ ਇਨ੍ਹਾਂ ਕਹਾਣੀਆਂ ਨੂੰ ਕਾਵਿਕ ਮੁਹਾਂਦਰਾ ਪ੍ਰਦਾਨ ਕਰ ਹੋਰ ਵੀ ਭਾਵਪੂਰਤ ਬਣਾ ਦੇਂਦਾ ਹੈ। ਜਿੰਵੇਂ :

‘ਮੁਹੱਬਤ ਵਰਗੀ ਮਹਿੰਗੀ ਸ਼ੈਅ ਖਰੀਦ ਬੈਠੇ
ਹਿਜਰਾਂ ਦੀ ਕਿਸ਼ਤ ਹੁਣ ਪੈ ਰਹੀ ਭਰਨੀ
ਮੁਹੱਬਤ ਤਾਂ ਤੇਰੇ ਨਾਲ ਅੱਜ ਵੀ ਐ
ਪਰ ਅੜੀ ਵੀ ਆ ਕਿ ਹੁਣ ਗੱਲ ਨਹੀਂ ਕਰਨੀ।’

‘ਅੜੀ’ ਕਹਾਣੀ ਵਿੱਚ ਛੋਟੀ ਜਿਹੀ ਗਲਤਫ਼ਹਿਮੀ ਕਾਰਨ ਮੁੱਹਬੱਤ ਦਾ ਰਿਸ਼ਤਾ ਵਲੂੰਧਰਿਆ ਜਾਂਦਾ ਤੇ ਆਸ਼ਕ ਦਾ ਦਿਲ ਖੱਟਾ ਹੋ ਸਦਾ ਲਈ ਦਿਲ ਦਾ ਬੂਹਾ ਭੇੜ ਲੈਂਦਾ ਹੈ, ਉਸ ਕੈਫ਼ੀਅਤ ਨੂੰ ਇਹ ਕਾਵਿ-ਟੋਟਾ ਬਾਖ਼ੂਬੀ ਬਿਆਨਦਾ।

ਇੰਜ ਹੀ ਅੰਜ਼ਾਮ’ ਕਹਾਣੀ ਦੀ ਸਮਾਪਤੀ ਇਨ੍ਹਾਂ ਪੰਕਤੀਆਂ ਨਾਲ ਹੋਣਾ:

‘ਮੁਹੱਬਤ ’ਚ ਸਭ ਮਰਦੇ ਹੀ ਰਹਿੰਦੇ,
ਮੁਹੱਬਤ ਵਿੱਚ ਕੋਈ ਜਿਉਂਦਾ ਕਿਉਂ ਨਹੀਂ ?
ਐ ਮੁਹਬੱਤ ! ਅੰਜ਼ਾਮ ਤੇਰਾ ਖੁਸ਼ਨੁਮਾ ਕਦੇ ਦੱਸ ਹੁੰਦਾ ਕਿਉਂ ਨਹੀਂ ?’

ਅੱਧਖਿੜੀ ਮੁਹੱਬਤ ਦੇ ਦੁਖਾਂਤਾਂ ਦਾ ਅੰਜ਼ਾਮ ‘ਇੱਕ ਲੱਪ ਮੁਹੱਬਤ’ ਕਿਤਾਬ ਦਾ ਹਾਸਲ ਹੋ ਨਿਬੜਦਾ ਹੈ।

‘ਇਸ ਸੰਸਾਰ ਦੀਆਂ ਤਮਾਮ ਅਧੂਰੀਆਂ ਤੇ ਮੁਕੰਮਲ ਮਹੁੱਬਤਾਂ ਦੇ ਨਾਂਅ’ ਨੂੰ ਸਮਰਪਤ ਇਸ ‘ਇੱਕ ਲੱਪ ਮੁਹੱਬਤ’ ਨਾਂ ਦਾ ਵਿਸਥਾਰ ਕਿਤਾਬ ਦੇ ਕਵਰ ਦੇ ਪਿਛਲੇ ਪਾਸੇ ਲਿਖੀ ਆਪਣੀ ਨਜ਼ਮ ਨਾਲ ਕਰਦੀ ਸੰਦੀਪ ਰੂਹਵ ਇਸ ਨੂੰ ਹੋਰ ਕਾਵਿਕ ਖ਼ੂਬਸੂਰਤੀ ਪ੍ਰਦਾਨ ਕਰਦੀ ਹੈ।

‘ਵਕਤ ਨੇ ਆਪਣੀ ਮੁਹੱਬਤ ਨੂੰ
ਤੋੜ ਮਰੋੜ ਕੇ ਮੇਰੀ ਝੋਲੀ ਵਿੱਚ ਸੁੱਟਿਆ
ਮੈਂ ਉਸੇ ਦੀ ਇੱਕ ਲੱਪ ਭਰੀ ਤੇ
ਸ਼ਬਦਾਂ ਦੀ ਜ਼ਮੀਨ ਤੇ ਖਿਲਾਰ ਦਿੱਤੀ
ਵੇਖ ਲੈ ! ਜਿੱਥੇ-ਜਿੱਥੇ ਆਪਣੀ ਮੁਹੱਬਤ ਦੇ ਕਿਣਕੇ ਡਿੱਗੇ
ਉੱਥੇ-ਉੱਥੇ ਮੁਹੱਬਤ ਦੀਆਂ ਬੇਅੰਤ
ਕਵਿਤਾਵਾਂ-ਕਹਾਣੀਆਂ ਉੱਘ ਪਈਆਂ।

ਸੋ ਕਵਿੱਤਰੀ ਸੰਦੀਪ ਰੂਹਵ ਵਲੋਂ ਰਚਿਤ ਮੁਹੱਬਤੀ ਕਹਾਣੀਆਂ ਨੂੰ ਦਿੱਤਾ ਕਾਵਿਕ-ਅੰਦਾਜ਼ ਇਨ੍ਹਾਂ ਨੂੰ ਹੋਰ ਵੀ ਖ਼ੂਬਸੂਤ ਬਣਾਉਂਦਾ ਹੈ। ਸੰਦੀਪ ਕੌਰ ਰੂਹਵ ਦੇ ਇਸ ਪਲੇਠੇ ਕਹਾਣੀ-ਸੰਗ੍ਰਿਹ ਨੂੰ ਪੰਜਾਬੀ ਸਹਿਤ ਦੇ ਵਿਹੜੇ ਵਿੱਚ ਜੀ ਆਇਆਂ !

----0---

### ਚੁੱਪ ! ਬੱਸ ਕੁਝ ਬੋਲੀਂ ਨਾ

ਸੰਦੀਪ ਰੂਹਵ ਦਾ ਦੂਸਰਾ ਕਾਹਾਣੀ ਸੰਗ੍ਰਿਹ ‘ਚੁੱਪ ! ਬੱਸ ਕੁਝ ਬੋਲੀ ਨਾ’ ਇਸੇ ਸਾਲ ਦੇ ਫਰਵਰੀ ਦੇ ਮਹੀਨੇ’ ‘ਪੰਜਾਬੀ ਕਵੀ ਪਬਲੀਕੇਸ਼ਨ’ ਮੋਗਾ ਵਲੋਂ ਛਾਪਿਆ ਗਿਆ। ਇਹ ਪੇਪਰ ਬੈਕ ਕਹਾਣੀ-ਸੰਗ੍ਰਿਹ ਦੇ ਸੌ ਕੁ ਪੰਨਿਆਂ ਵਿੱਚ ਮਿੰਨੀ ਤੇ ਛੋਟੀਆਂ ਰਲਵੀਆਂ ਮਿਲਵੀਆਂ ਕੁੱਲ 21 ਕਹਾਣੀਆਂ ਹਨ।

ਇਨ੍ਹਾਂ ਕਹਾਣੀਆਂ ਵਿੱਚ ਲੇਖਿਕਾ ਆਲੇ ਦੁਆਲੇ ਵਾਪਰਦੇ ਹਾਲਾਤਾਂ, ਵਾਪਰ ਰਹੀਆਂ ਤੇ ਵਾਪਰ ਚੁੱਕੀਆਂ ਅੱਖੀਂ ਡਿਠੀਆਂ ਜਾਂ ਸੁਣੀਆਂ ਘਟਨਾਵਾਂ ਨੂੰ ਇਸ ਦਾ ਵਿਸ਼ਾ ਬਣਾਉਂਦੀ ਹੈ। ‘ਚੁੱਪ’ ਸ਼ਬਦ ਆਪਣੇ ਆਪ ਵਿੱਚ ਹੀ ਕੁੱਝ ਨਾ ਬੋਲ ਸਕਣ ਦੀ ਹਿੰਮਤ, ਖ਼ੌਫ਼, ਅੰਤਰ-ਦਵੰਧ ਜਾਂ ਕੋਈ ਬਾਹਰੀ ਦਬਾਅ ਦਰਸਾਉਂਦਾ ਹੈ, ਜੋ ਧੁਰ ਅੰਦਰ ਤੱਕ ਚੀਕ ਬਣ ਕੁਲਬੁਲਾਉਂਦੇ ਸ਼ਬਦ ਤਾਂ ਹਨ, ਪਰ ਮੂੰਹੋਂ ਬਾਹਰ ਨਹੀਂ ਨਿਕਲਦੇ। ਇਹ ਬਾਹਰੀ ਸਮਾਜਕ ਕਾਰਨਾਂ ਦਾ ਨਤੀਜਾ ਤਾਂ ਹੁੰਦਾ ਹੀ ਹੈ, ਪਰ ਵਿਅਕਤੀ ਦੀ ਆਪਣੀ ਅਸਮਰਥਾ ਵੀ ਜ਼ਾਹਿਰ ਕਰਦਾ ਹੈ।

ਸੰਦੀਪ ਰੂਹਵ ਨੇ ਸਮਾਜ ਦੇ ਕੋਹਜਾਂ, ਰੋਕਾਂ, ਬੰਦਿਸ਼ਾਂ, ਤੇ ਅੰਧ-ਵਿਸ਼ਵਾਸੀ ਰੀਤੀ-ਰਿਵਾਜ਼ਾ ਦੁਆਰਾ ਦਿੱਤੇ ਰਿਸਦੇ ਜ਼ਖ਼ਮਾਂ ਨੂੰ ਇਨ੍ਹਾਂ ਕਹਾਣੀਆਂ ਵਿੱਚ ਬਿਆਨਿਆ ਹੈ। ਖ਼ੂਨ ਦੇ ਰਿਸ਼ਤਿਆਂ ਵਿੱਚ ਪੈਣ ਵਾਲੇ ਮਗੋਰਿਆਂ ਕਾਰਨ ਬਣੀਆਂ ਦੂਰੀਆਂ, ਕੰਮਕਾਜੀ ਦਫ਼ਤਰਾਂ ਵਿੱਚ ਕੁਲੀਗਜ਼ ਵਲੋਂ ਹੋਣ ਵਾਲੀ ਕਿਰਦਾਰਕੁਸ਼ੀ, ਘਰ ਵਿੱਚ ਦੂਜੀ ਧੀ ਦਾ ਜੰਮਣਾ ਤੇ ਬਾਪ ਦੀ ਪੱਗ ਦੇ ਢਿਲਕੇ ਹੋਏ ਲੜ, ਗਰੀਬ ਦੀ ਧੀ ਦਾ ਆਪਣੇ ਬੱਚਿਆਂ ਖਾਤਰ ਘਰਵਾਲੇ ਤੇ ਸੱਸ ਦੀ ਮਾਰ-ਕੁੱਟ ਤੇ ਦੁਰ-ਦੁਰ ਸਹਿੰਦੇ ਰਹਿਣਾ, ਦਰੋਪਦੀ ਦੇ ਚੀਰਹਰਨ ਤੇ ਸੀਤਾ ਨਾਲ ਹੋਣ ਵਾਲੀ ਵਧੀਕੀ ਤੇ ਤਾਂ ਰੋਸ ਜ਼ਾਹਿਰ ਕਰਨਾ ਪਰ ਆਪਣੀ ਘਰਵਾਲੀ ਦੀ ਮਾਂ-ਭੈਣ ਦੇ ਸਾਹਮਣੇ ਬੇਇਜ਼ਤੀ ਕਰ ਧੌਲ-ਧੱਪਾ ਵੀ ਕਰ ਦੇਣਾ, ਮਾਪਿਆਂ ਦਾ ਆਰਥਿਕ ਬੋਝ ਹੌਲਾ ਕਰਨ ਲਈ ਕੁੜੀਆਂ ਦਾ ਆਈਲੈਟਸ ਕਰ ਵਿਦੇਸ਼ ਆ ਮੁਸੀਬਤਾਂ ਝਲਣਾ, ਵਿਦੇਸ਼ ਜਾ ਵੱਸੀਆਂ ਕੁੜੀਆਂ ਦਾ ਆਪਣਿਆਂ ਤੋਂ ਦੂਰ ਹੋ ਸਿਸਕਣਾ, ਕੁੱਝ ਪਹਿਲੂ ਹਨ, ਜਿਨ੍ਹਾਂ ਵੱਲ ਲੇਖਿਕਾ ਖਾਸ ਤੌਰ ਤੇ ਧਿਆਨ ਦੁਆਉਂਦੀ ਹੈ। ਵਿਸ਼ੇਸ਼ ਤੌਰ ਤੇ ‘ਦੂਰ ਦੇ ਰਿਸ਼ਤੇਦਾਰ’ ਕਹਾਣੀ ਵਿੱਚ ਘਰ ਦੀ ਧੀ ਦੇ ਤੁਰ ਜਾਣ ਤੋਂ ਬਾਦ ਮਾਮੇ ਭਾਣਜੇ ਦੇ ਰਿਸ਼ਤੇ ਵਿਚਲੀ ਦੂਰੀ ਦਾ ਬਣ ਜਾਣਾ, ਮਾਮੇ ਦੇ ਅੰਦਰ ਪਸਰੀ ‘ਚੁੱਪ’ ਸਚਮੱਚ ਹੀ ਬਹਤ ਵੱਡਾ ਦੁਖਾਂਤ ਪ੍ਰਤੀਤ ਹੁੰਦੀ ਹੈ।

ਪੇਂਡੂ ਪਰਿਪੇਖ ਵਿੱਚ ਉਸਰੀਆਂ ਕੁੱਝ ਕਹਾਣੀਆਂ, ਜਿੰਵੇਂ ਜੰਗਲੀ ਫੁੱਲ, ਮਾਂ ਹੁੰਦੀ ਏ ਮਾਂ, ਅਪਸ਼ਗਨ, ਪਛਤਾਵੇ, ਦੂਰ ਦੇ ਰਿਸ਼ਤੇਦਾਰ, ਵਿੱਚ ਚੁੱਪ ਰਹਿਣ ਦੀ ਬੇਵਸੀ ਤੇ ਮਜ਼ਬੂਰੀ ਪਰਤੱਖ ਜ਼ਾਹਿਰ ਹੁੰਦੀ ਹੈ, ਪਰ ‘ਚੀਰਹਰਣ’ ਕਹਾਣੀ ਵਿੱਚ ਵਿਦੇਸ਼ ਦੇ ਕੈਲਗਰੀ ਸ਼ਹਿਰ ਵਿੱਚ ਰਹਿ ਰਹੀ ਸੰਗੀਤ ਦਾ ਪਤੀ ਸਾਰਿਆਂ ਸਾਹਮਣੇ ਦਰੋਪਦੀ ਦੇ ਚੀਰਹਰਨ ਦੀ ਨਿਖੇਧੀ ਤਾਂ ਕਰਦਾ ਪਰ ਆਪਣੀ ਘਰਵਾਲੀ ਦੀ ਇੱਜ਼ਤ ਤੇ ਸਵੈਮਾਣ ਆਪਣੀ ਮਾਂ ਤੇ ਭੈਣ ਦੇ ਸਾਹਮਣੇ ਉਸ ਦਾ ਗੁੱਟ ਮਰੋੜ ਕੇ ਲੀਰੋ ਲੀਰ ਕਰ ਚੁੱਕਾ ਹੁੰਦਾ ਹੈ। । ਸੰਗੀਤ ਆਪਣੇ ਅੰਦਰ ਦੱਬੀ ਇਸ ਖ਼ੌਫ਼ਨਾਕ ਚੁੱਪ ਨੂੰ ਤੋੜ ਕੜਕਵੀਂ ਅਵਾਜ਼ ਵਿੱਚ ਬੋਲ ਉੱਠਦੀ ਹੈ, ‘ਮਰਦਾਂ ਨੂੰ ਕਦੋਂ ਤੋਂ ਪ੍ਰਵਾਹ ਹੋਈ ਆ ਔਰਤ ਦੀ ਇੱਜ਼ਤ ਤੇ ਮਾਣ ਮਰਿਆਦਾ ਦੀ ? ਸਿਰਫ਼ ਦੇਹ ਤੋਂ ਲੀੜਿਆਂ ਦਾ ਲਾਹੁਣਾ ਹੀ ਚੀਰ-ਹਰਣ ਨਹੀਂ ਹੁੰਦਾ, ਆਵਦੀ ਤੀਵੀਂ ਦੀ ਸਾਰੇ ਟੱਬਰ ਸਾਹਮਣੇ ਬੇਇਜ਼ੱਤੀ ਕਰਨਾ, ਆਵਦੀ ਔਰਤ ਦੇ ਸਵੈਮਾਣ ਨੂੰ ਲੀਰਾਂ ਦੀ ਖਿਦੋ ਸਮਝ ਖਾਨਦਾਨ ਦੇ ਪੈਰਾਂ ’ਚ ਰੋਲਣਾ, ਚੀਰ-ਹਰਣ ਤੋਂ ਘੱਟ ਨਹੀਂ ਹੁੰਦਾ। ਇੱਕ ਪਤਨੀ ਦੀ ਜਦੋਂ ਇੱਜ਼ਤ-ਆਬਰੂ ਲਹਿੰਦੀ ਆ ਤਾਂ ਬੇਇਜ਼ੱਤੀ ਸਿਰਫ਼ ਤੀਵੀਂ ਦੀ ਨਹੀਂ ਹੁੰਦੀ, ਉਹਦੇ ਮਰਦ ਦੀ ਇੱਜ਼ਤ ਵੀ ਧੇਲੇ ਦੀ ਰਹਿ ਜਾਂਦੀ ਆ।’ ਸਥਾਪਤ ਸਮਾਜਿਕ ਭ੍ਰਾਂਤੀਆਂ ਨੂੰ ਤੋੜਨ ਦਾ ਜੇਰਾ ਹੈ। ਇਹ ਸ਼ਾਇਦ ਸਥਾਨ, ਮਾਹੌਲ ਤੇ ਪ੍ਰਸਥਿਤੀਆਂ ਦਾ ਬਦਲਾਅ ਹੈ ਜੋ ‘ਬੱਸ ਕੁਝ ਬੋਲੀ ਨਾ’ ਦਾ ਤਲਿਸਮ ਤੋੜਨ ਦਾ ਹੌਸਲਾ ਬਣਦਾ ਹੈ। ‘ਕਿਰਦਾਰਕੁਸ਼ੀ’ ਕਹਾਣੀ ਵਿੱਚ ਵੀ ‘ਮੈਂ ‘ਪਾਤਰ ਵਲੋਂ ਦਫ਼ਤਰ ਵਿੱਚ ਇੱਕ ਸਾਂਵਲੀ ਜਿਹੀ , ਮਿਲਾਪੜੇ ਸੁਭਾਅ ਵਾਲੀ ਸਮਾਰਟ ਕੁੜੀ ਸਿਮਰਨ ਦੀ ਜਦੋਂ ਕਿਰਦਾਰਕੁਸ਼ੀ ਹੁੰਦੀ ਹੈ ਤਾਂ ਉਹ ਵਿਰੋਧ ਵਜੋਂ ਉੱਠ ਕੇ ਚਲੇ ਜਾਂਦੀ ਹੈ। ਲੇਖਿਕਾ ਇਸੇ ਤਰ੍ਹਾਂ ਦੇ ਹੋਰ ਯਤਨ ਦਰਸਾ ਕੇ ਗਲਤ ਕਦਰਾਂ ਕੀਮਤਾਂ ਦਾ ਵਿਰੋਧ ਕਰ ਉਨ੍ਹਾਂ ਨੂੰ ਬਦਲਣ ਦਾ ਉਪਰਾਲਾ ਕਰਦੀ ਨਜ਼ਰ ਆਉਂਦੀ ਹੈ।

ਸੰਦੀਪ ਰੂਹਵ ਦੀਆਂ ਲਿਖਤਾਂ ਵਿੱਚ ‘ਨਵੀਂ ਵਿਉਲੀ, ਸਲਾਭੇ ਲੀੜੇ, ਸਬਾਤ, ਹਵਾ ਦੇ ਝਖੇੜੇ, ਖੱਟੇ ਫੁੱਲ, ਓਕ, ਖੇਸੀ, ਬੰਨ-ਸੁੱਬ, ਝਵੂਲੀ ਵਾਲੇ ਕਾਂਟੇ, ਸਿਉਣੇ ਦੀਆਂ ਟੂੰਮਾਂ, ਕੰਤ, ਘਚੱਲ, ਬੋਲ ਮਾਰਨਾ (ਅਵਾਜ਼ਾਂ ਮਾਰਨਾ), ਕੱਖ ਲਿਆਉਣਾ,’ ਵਰਗੇ ਪੇਂਡੂ ਰਹਿਤਲ ਦੇ ਸ਼ਬਦਾਂ ਦੀ ਵਰਤੋਂ ਜਿਥੇ ਲੇਖਣੀ ਨੂੰ ਰੌਚਕ ਬਣਾਉਂਦਾ ਹੈ ਉੱਥੇ ਇਨ੍ਹਾਂ ਨੂੰ ਸੰਭਾਲਣ ਦਾ ਉਪਰਾਲਾ ਵੀ ਪ੍ਰਤੀਤ ਹੁੰਦਾ ਹੈ।

ਸੰਦੀਪ ਰੂਹਵ ਦੀਆਂ ਕਹਾਣੀਆਂ ਖ਼ੂਹ ਦੇ ਪਾਣੀ ਦੇ ਵਗਦੇ ਖਾਲ਼ ਦੇ ਪਾਣੀ ਵਾਂਗ ਧੀਮੀ ਤੋਰੇ ਤੁਰਦੀਆਂ ਹਨ, ਉਹ ਆਪ ਹਰ ਕਹਾਣੀ ਸੁਣਾਓਂਦੀ ਲਗਦੀ ਹੈ। ਛੇਤੀ ਹੀ ਇਹਦੀਆਂ ਕਹਾਣੀਆਂ ਸਮੁੰਦਰ ਦੀਆਂ ਅਠਖੇਲੀਆਂ ਕਰਦੀਆਂ ਲਹਿਰਾਂ ਵਾਂਗ ਆਪਣੇ ਆਪ ਬੋਣ ਲਗ ਪੈਣਗੀਆਂ, ਉਮੀਦ ਹੀ ਨਹੀਂ ਪੱਕਾ ਵਿਸ਼ਵਾਸ ਹੈ। ਸੰਦੀਪ ਰੂਹਵ ਦੇ ਕਹਾਣੀ-ਸੰਗ੍ਰਿਹ ਦੀ ਆਮਦ ਪੰਜਾਬੀ ਸਾਹਿਤ ਵਿੱਚ ਇੱਕ ਹੋਰ ਸ਼ੁਭ ਸ਼ਗਨ ਹੈ। ਖੁਸ਼ਆਮਦੀਦ !

**ਗੁਰਚਰਨ ਕੌਰ ਥਿੰਦ**
ਫੋਨ: 403-402-9635

# ਵਿਦੇਸ਼ਾਂ ‘ਚ ਅੰਗਰੇਜ਼ੀ ਦੀ ਕਮੀ ਨਾਲ ਜੂਝਦੇ ਪੰਜਾਬੀ

## ListenAct ਬਣ ਰਿਹਾ ਹੈ ਨਵਾਂ ਸਹਾਰਾ



ਕੈਨੇਡਾ, ਅਮਰੀਕਾ ਤੇ ਹੋਰ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਵਸਦੇ ਹਨ। ਬਿਹਤਰ ਜੀਵਨ ਦੀ ਖ਼ਾਤਰ ਉਹ ਆਪਣੇ ਘਰ-ਪਰਿਵਾਰ ਛੱਡ ਕੇ ਵਿਦੇਸ਼ ਜਾਂਦੇ ਹਨ, ਪਰ ਉੱਥੇ ਜਾ ਕੇ ਸਭ ਤੋਂ ਵੱਡੀ ਚੁਣੌਤੀ ਬਣਦੀ ਹੈ—ਅੰਗਰੇਜ਼ੀ।

ਕਈ ਪੰਜਾਬੀ ਇਮੀਗ੍ਰੈਂਟਸ ਮਿਹਨਤੀ ਹੋਣ ਦੇ ਬਾਵਜੂਦ, ਸਿਰਫ਼ ਅੰਗਰੇਜ਼ੀ ਦੀ ਕਮੀ ਕਰਕੇ ਆਪਣੀ ਪੂਰੀ ਸਮਰੱਥਾ ਨਹੀਂ ਦਿਖਾ ਪਾਉਂਦੇ। ਰੋਜ਼ਾਨਾ ਦੀਆਂ ਸਧਾਰਣ ਗੱਲਾਂ—ਜਿਵੇਂ ਡਾਕਟਰ ਨਾਲ ਗੱਲ ਕਰਨੀ, ਬੈਂਕ ਜਾਂ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਵਾਉਣਾ, ਜਾਂ ਨੌਕਰੀ ਦੇ ਇੰਟਰਵਿਊ—ਇਹ ਸਭ ਉਹਨਾਂ ਲਈ ਇੱਕ ਚੁਣੌਤੀ ਬਣ ਜਾਂਦੇ ਹਨ।

### ਚੁੱਪੀ, ਹਿਜਕ ਅਤੇ ਮੌਕੇਆਂ ਦੀ ਘਾਟ

ਕਈ ਵਾਰ ਇਹ ਵੀ ਦੇਖਿਆ ਜਾਂਦਾ ਹੈ ਕਿ ਅੰਗਰੇਜ਼ੀ ਨਾ ਆਉਣ ਕਰਕੇ ਲੋਕ ਆਪਣੀ ਗੱਲ ਰੱਖਣ ਤੋਂ ਹਿਜਕਦੇ ਹਨ। ਉਹ ਮੀਟਿੰਗਾਂ ਵਿੱਚ ਚੁੱਪ ਰਹਿੰਦੇ ਹਨ, ਨਵੀਆਂ ਨੌਕਰੀਆਂ ਲਈ ਅੱਗੇ ਨਹੀਂ ਵੱਧਦੇ, ਅਤੇ ਕਈ ਮੌਕੇ ਹੱਥੋਂ ਨਿਕਲ ਜਾਂਦੇ ਹਨ।

ਇਹ ਸਿਰਫ਼ ਭਾਸ਼ਾ ਦੀ ਸਮੱਸਿਆ ਨਹੀਂ ਰਹਿੰਦੀ—ਇਹ ਹੌਲੀ-ਹੌਲੀ ਕਾਨਫ਼ਿਡੈਂਸ ਤੇ ਅਸਰ ਪਾਉਂਦੀ ਹੈ।

### ListenAct—ਇੱਕ ਵੱਖਰਾ ਹੱਲ

ਇਸ ਸਮੱਸਿਆ ਨੂੰ ਸਮਝਦਿਆਂ, ListenAct ਇੱਕ ਅਜਿਹਾ ਮਾਡਲ ਲੈ ਕੇ ਆਇਆ ਹੈ ਜੋ ਖਾਸ ਤੌਰ ‘ਤੇ ਇਮੀਗ੍ਰੈਂਟਸ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ।

ਇਹ ਪਲੇਟਫਾਰਮ ਸੁਣਨ ‘ਤੇ ਆਧਾਰਿਤ ਹੈ—ਜਿੱਥੇ ਵਿਦਿਆਰਥੀ ਅਸਲੀ ਜ਼ਿੰਦਗੀ ਵਾਲੀਆਂ ਗੱਲਬਾਤਾਂ ਨੂੰ ਸੁਣ ਕੇ ਅੰਗਰੇਜ਼ੀ ਸਿੱਖਦੇ ਹਨ।

ਇਸ ਤਰੀਕੇ ਨਾਲ ਉਹ ਨਾ ਸਿਰਫ਼ ਸ਼ਬਦ ਸਮਝਦੇ ਹਨ, ਸਗੋਂ ਉਹਨਾਂ ਨੂੰ ਵਰਤਣਾ ਵੀ ਸਿੱਖਦੇ ਹਨ।

ਬਿਜ਼ੀ ਜੀਵਨ ਵਿੱਚ ਵੀ ਸਿੱਖਣ ਦੀ ਸਹੂਲਤ

ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਕਈ ਪੰਜਾਬੀ—ਖ਼ਾਸ ਕਰਕੇ ਟਰੱਕ ਡਰਾਈਵਰ, ਵੇਅਰਹਾਊਸ ਵਰਕਰ ਜਾਂ ਸ਼ਿਫਟ ਜਾਬ ਵਾਲੇ ਲੋਕ—ਲੰਬੇ ਘੰਟਿਆਂ ਤੱਕ ਕੰਮ ਕਰਦੇ ਹਨ। ਉਹਨਾਂ ਲਈ ਕਲਾਸਾਂ ਵਿੱਚ ਜਾਣਾ ਅਕਸਰ ਸੰਭਵ ਨਹੀਂ ਹੁੰਦਾ।

ListenAct ਇਸ ਸਮੱਸਿਆ ਨੂੰ ਹੱਲ ਕਰਦਾ ਹੈ।

ਉਹ ਡਰਾਈਵ ਕਰਦੇ ਹੋਏ ਵੀ ਸੁਣ ਸਕਦੇ ਹਨ

ਆਪਣੇ ਸਮੇਂ ਅਨੁਸਾਰ ਸਿੱਖ ਸਕਦੇ ਹਨ

ਬਿਨਾਂ ਕਿਸੇ ਦਬਾਅ ਦੇ ਅੱਗੇ ਵੱਧ ਸਕਦੇ ਹਨ

### ਹੌਲੀ-ਹੌਲੀ ਆਉਂਦਾ ਬਦਲਾਅ

ਇਸ ਤਰੀਕੇ ਨਾਲ ਸਿੱਖਣ ਵਾਲੇ ਕਈ ਲੋਕਾਂ ਵਿੱਚ ਇੱਕ ਸਾਂਝੀ ਗੱਲ ਵੇਖੀ ਗਈ ਹੈ—ਉਹ ਹੌਲੀ-ਹੌਲੀ ਅੰਗਰੇਜ਼ੀ ਨੂੰ ਸਮਝਣ ਲੱਗਦੇ ਹਨ, ਅਤੇ ਫਿਰ ਬੋਲਣਾ ਵੀ ਸ਼ੁਰੂ ਕਰਦੇ ਹਨ। ਇਹ ਤੁਰੰਤ ਚਮਤਕਾਰ ਨਹੀਂ, ਪਰ ਇੱਕ ਲਗਾਤਾਰ ਪ੍ਰਕਿਰਿਆ ਹੈ ਜੋ ਸਮੇਂ ਦੇ ਨਾਲ ਵਿਸ਼ਵਾਸ ਨੂੰ ਵਧਾਉਂਦੀ ਹੈ।

### ਨਵੀਂ ਸ਼ੁਰੂਆਤ ਦੀ ਉਮੀਦ

ਅੰਗਰੇਜ਼ੀ ਸਿੱਖਣਾ ਸਿਰਫ਼ ਭਾਸ਼ਾ ਨਹੀਂ, ਸਗੋਂ ਨਵੀਂ ਜ਼ਿੰਦਗੀ ਵਿੱਚ ਆਪਣੇ ਆਪ ਨੂੰ ਮਜ਼ਬੂਤ ਬਣਾਉਣ ਦਾ ਸਾਧਨ ਹੈ।

ListenAct ਵਰਗੇ ਪਲੇਟਫਾਰਮ ਇਸ ਯਾਤਰਾ ਨੂੰ ਆਸਾਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ—ਤਾਂ ਜੋ ਪੰਜਾਬੀ ਇਮੀਗ੍ਰੈਂਟਸ ਆਪਣੇ ਸੁਪਨੇ ਪੂਰੇ ਕਰ ਸਕਣ ਅਤੇ ਆਪਣੀ ਅਸਲੀ ਸਮਰੱਥਾ ਨੂੰ ਸਾਹਮਣੇ ਲਿਆ ਸਕਣ।

**Website link: https://listenact.ca/**



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220











BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com



AMG
SR SEHAJMAN
ਗਦਰੀ ਯੋਧਿਆਂ ਦੀ ਲਾਸਾਨੀ ਕੁਰਬਾਨੀ
ਅਤੇ
ਗੁਰੂ ਨਾਨਕ ਜਹਾਜ਼ ਦੀ ਮਿਸਾਲੀ ਯਾਤਰਾ
ਨੂੰ ਸਮਰਪਿਤ
2ND ANNUAL
Punjabi Heritage Mela
ਦੂਜਾ ਸਾਲਾਨਾ ਪੰਜਾਬੀ ਹੈਰੀਟੇਜ ਮੇਲਾ
Anti Racism Awareness
ON SUNDAY 24 MAY
2026
3:00 pm to 5:30 pm
ਮੁੱਖ ਆਕਰਸ਼ਨ
ਨਾਟਕ ਅਤੇ ਦੇਸ਼ ਭਗਤੀ ਗੀਤ ਸੰਗੀਤ
403-680-7589, 403-479-1805, 587-722-3353
MEDIA PARTNER
ਪੰਜਾਬੀ ਅਖ਼ਬਾਰ
Punjabi Akhbaar
PrimeAsia
VENUE:
FALCONRIDGE/ CASTLERIDGE COMMUNITY ASSOCIATION HALL
95 FALSHIRE DR NE, CALGARY, AB T3J 1P7


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8


Personal Tax Returns
Corporate Tax Returns
Bookkeeping
GST/HST Filing
Payroll
WCB Returns
Tax Planning
New Business Consultation & Registration
SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


NE
NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਸੈਸਕੈਚਵਾਨ ਵਿਧਾਨ ਸਭਾ ਦੀ ਬਿਲਡਿੰਗ ਦੇ ਅੰਦਰ ਵਿਸਾਖੀ ਮਨਾਉਣ ਤੋਂ ਨਾਂਹ ਹੋਣ ਕਾਰਨ ਸਿੱਖ ਭਾਈਚਾਰਾ ਉਦਾਸ ਹੈ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਇਸ ਵਕਤ ਜਦੋਂ ਦੁਨੀਆਂ ਭਰ ਦੇ ਵਿੱਚ ਖਾਲਸਾ ਸਾਜਨਾ ਦਿਵਸ ਦੇ ਸਮਾਗਮ ਮਨਾਏ ਜਾ ਰਹੇ ਹਨ ਅਤੇ ਕੈਨੇਡਾ ਦੇ ਵਿੱਚ ਸਿੱਖ ਵਿਰਾਸਤੀ ਮਹੀਨਾ ਮਨਾਇਆ ਜਾ ਰਿਹਾ ਹੈ ਤਾਂ ਇਸ ਦੌਰਾਨ ਕੈਨੇਡਾ ਦੇ ਸੂਬੇ ਸੈਸਕੈਚਵਨ ਦਾ ਸਿੱਖ ਭਾਈਚਾਰਾ ਉਦਾਸ ਹੈ ਕਿਉਂਕਿ ਇਸ ਵਾਰ ਰੀਜਾਇਨਾ ਦੇ ਵਿੱਚ ਵਿਧਾਨ ਸਭਾ ਵਿੱਚ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ ਮਨਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਜਿਸ ਕਾਰਨ ਸਿੱਖ ਸੰਗਤਾਂ ਵੱਲੋਂ ਵਿਧਾਨ ਸਭਾ ਦੀ ਇਮਾਰਤ ਦੇ ਬਾਹਰ ਹੀ ਇਸ ਪਵਿੱਤਰ ਦਿਹਾੜੇ ਮੌਕੇ ਇਕੱਠ ਕੀਤਾ ਗਿਆ। ਜਿਸ ਦੌਰਾਨ ਗੁਰਬਾਣੀ ਕੀਰਤਨ ਵੀ ਹੋਇਆ। ਸਿੱਖ ਸੋਸਾਇਟੀ ਰੀਜਾਇਨਾ ਦੇ ਬੁਲਾਰੇ ਮਨਮੀਤ ਸਿੰਘ ਨੇ ਆਖਿਆ ਕਿ ਉਹਨਾਂ ਨੇ ਵਿਧਾਨ ਸਭਾ ਦੀ ਇਮਾਰਤ ਦੇ ਅੰਦਰ ਸਿੱਖ ਵਿਰਾਸਤੀ ਮਹੀਨੇ ਦੇ ਸਬੰਧ ਵਿੱਚ ਕੀਰਤਨ ਕਰਨ ਦੀ ਬੇਨਤੀ ਕੀਤੀ ਸੀ, ਜਿਸ ਨੂੰ ਬਿਲਡਿੰਗ ਮੈਨੇਜਮੈਂਟ ਵੱਲੋਂ ਅਸਵੀਕਾਰ ਕਰ ਦਿੱਤਾ ਗਿਆ ਅਤੇ ਆਖਿਆ ਗਿਆ ਕਿ ਇਹ ਵਿਧਾਨ ਸਭਾ ਦੀ ਇਮਾਰਤ ਦੇ ਅੰਦਰ ਸੱਭਿਆਚਾਰਕ ਸਮਾਗਮਾਂ ਨੂੰ ਮਨਾਉਣ ਦੀ ਨੀਤੀ ਦੇ ਖਿਲਾਫ ਹੈ। ਹਾਲਾਂਕਿ ਮਨਮੀਤ ਸਿੰਘ ਨੇ ਆਖਿਆ ਕਿ ਬੀਤੇ ਦਿਨਾਂ ਦੇ ਵਿੱਚ ਹੀ ਇੱਕ ਸੰਗੀਤਕ ਰੰਗਾਂ ਰੰਗ ਪ੍ਰੋਗਰਾਮ ਇਮਾਰਤ ਦੇ ਅੰਦਰ ਆਯੋਜਿਤ ਕੀਤਾ ਗਿਆ ਸੀ। ਜਦੋਂ ਇਸ ਸਬੰਧੀ ਸੂਬਾ ਸਰਕਾਰ ਕੋਲੋਂ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਵਾਕਿਆ ਹੀ ਇਸ ਤਰਾਂ ਦੀ ਕੋਈ ਨੀਤੀ ਜਾਂ ਨਿਯਮ ਹੈ ਕਿ ਵਿਧਾਨ ਸਭਾ ਦੀ ਇਮਾਰਤ ਦੇ ਅੰਦਰ ਇਸ ਤਰਾਂ ਦੇ ਸਮਾਗਮ ਨਹੀਂ ਹੋ ਸਕਦੇ ਤਾਂ ਜਵਾਬ ਮਿਲਿਆ ਕਿ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ ਬਲਕਿ ਹਰ ਸਾਲ ਵਿਧਾਨ ਸਭਾ ਦੀ ਬਿਲਡਿੰਗ ਮੈਨੇਜਮੈਂਟ ਵੱਲੋਂ ਹਰ ਸਾਲ ਇਸ ਤਰਾਂ ਦੇ ਸੈਂਕੜੇ ਸਮਾਗਮਾਂ ਦਾ ਸਮਰਥਨ ਕੀਤਾ ਜਾਂਦਾ ਹੈ। ਸਿੱਖ ਸੋਸਾਇਟੀ ਆਫ ਰੀਜਾਈਨਾ ਦੇ ਨਾਲ ਮਿਲ ਕੇ 14 ਅਪ੍ਰੈਲ 2026 ਨੂੰ ਨਿਸ਼ਾਨ ਸਾਹਿਬ ਝੁਲਾਏ ਗਏ ਸਨ ਸੂਬਾ ਸਰਕਾਰ ਵੱਲੋਂ ਇਹ ਵੀ ਆਖਿਆ ਗਿਆ ਕਿ ਐਮਐਲਏ ਬਰੈਡ ਕ੍ਰਾਸਵੈਲਰ ਨੇ ਵੀ ਉਸ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ। ਵਰਨਣ ਯੋਗ ਹੈ ਕਿ ਪਿਛਲੇ ਸਾਲ ਸੈਸਕੈਚਵਨ ਦੀ ਵਿਧਾਨ ਸਭਾ ਦੇ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ।

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

# ਨਾਰੀ ਸ਼ਕਤੀ ਵੰਦਨ ਅਧਿਨਿਯਮ:

# ਭਾਰਤੀ ਲੋਕਤੰਤਰ ਤੇ ਮਹਿਲਾ ਸਸ਼ਕਤੀਕਰਨ ਦਾ ਨਵਾਂ ਯੁੱਗ



**ਨਾਰੀ ਸ਼ਕਤੀ ਵੰਦਨ ਦੀ ਇਸ ਲਹਿਰ ਨੂੰ ਮਜ਼ਬੂਤੀ ਦੇਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੇ ਕਈ ਦੂਰਗਾਮੀ ਯੋਜਨਾਵਾਂ ਲਾਗੂ ਕੀਤੀਆਂ ਹਨ। 'ਸੁਕੰਨਿਆ ਸਮ੍ਰਿਧੀ ਯੋਜਨਾ' ਅਧੀਨ 4.6 ਕਰੋੜ ਤੋਂ ਵੱਧ ਖਾਤੇ ਖੋਲ੍ਹ ਕੇ ਧੀਆਂ ਦੇ ਭਵਿੱਖ ਨੂੰ ਆਰਥਿਕ ਸੁਰੱਖਿਆ ਦਿੱਤੀ ਗਈ ਹੈ। ਬਜਟ 2026-27 ਵਿੱਚ 'ਲੱਖਪਤੀ ਦੀਦੀ' ਯੋਜਨਾ ਰਾਹੀਂ 20 ਲੱਖ ਔਰਤਾਂ ਨੂੰ ਸਿਖਲਾਈ ਦਿੱਤੀ ਗਈ ਹੈ ਅਤੇ ਵਿਆਜ ਸਬਸਿਡੀ ਵਾਲੇ ਕਰਜ਼ੇ ਦੀ ਹੱਦ 1.5 ਲੱਖ ਰੁਪਏ ਤੱਕ ਵਧਾਈ ਗਈ ਹੈ। ਮੁੱਖ ਮੰਤਰੀ ਨਾਰੀ ਸ਼ਕਤੀ ਉੱਦਮ ਪ੍ਰੋਤਸਾਹਨ ਯੋਜਨਾ ਤਹਿਤ ਕਰਜ਼ੇ ਦੀ ਸੀਮਾ 1 ਕਰੋੜ ਰੁਪਏ ਤੱਕ ਕਰ ਦਿੱਤੀ ਗਈ ਹੈ। ਉੱਜਵਲਾ ਯੋਜਨਾ, ਸਵੱਛ ਭਾਰਤ ਮਿਸ਼ਨ ਅਤੇ ਜਲ ਜੀਵਨ ਮਿਸ਼ਨ ਨੇ ਔਰਤਾਂ ਦੇ ਜੀਵਨ ਵਿੱਚੋਂ ਧੂਏਂ, ਅਸੁਰੱਖਿਆ ਅਤੇ ਪਾਣੀ ਦੀ ਕਿੱਲਤ ਵਰਗੀਆਂ ਸਮੱਸਿਆਵਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਹੈ।**

**ਡਾ. ਕ੍ਰਿਸ਼ਨ ਲਾਲ**

ਭਾਰਤੀ ਸੱਭਿਅਤਾ ਦੇ ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿੱਚ ਨਾਰੀ ਹਮੇਸ਼ਾ ਸਿਰਜਣਾ, ਸ਼ਕਤੀ ਅਤੇ ਚੇਤਨਾ ਦਾ ਸਦੀਵੀ ਕੇਂਦਰ ਰਹੀ ਹੈ। ਸਾਡੀ ਮਹਾਨ ਸਨਾਤਨ ਸੰਸਕ੍ਰਿਤੀ ਨੇ 'ਯਤਰ ਨਾਰਯਸਤੂ ਪੂਜਯੋਤੇ, ਰਮੰਤੇ ਤਤਰ ਦੇਵਤਾ ਦੇ ਉਦਘੋਸ਼ ਨਾਲ ਯੁੱਗਾਂ ਪਹਿਲਾਂ ਇਹ ਸਪੱਸ਼ਟ ਕਰ ਦਿੱਤਾ ਸੀ, ਕਿ ਜਿਸ ਸਮਾਜ ਵਿੱਚ ਇਸਤਰੀ ਦਾ ਸਤਿਕਾਰ ਅਤੇ ਉਸ ਦੀ ਮਰਿਆਦਾ ਬਰਕਰਾਰ ਰਹਿੰਦੀ ਹੈ, ਉੱਥੇ ਹੀ ਖੁਸ਼ਹਾਲੀ ਦਾ ਵਾਸ ਹੁੰਦਾ ਹੈ। ਨਾਰੀ ਨੂੰ ਪਰਿਵਾਰ ਦੀ ਧੁਰੀ, ਸੰਸਕਾਰਾਂ ਦੀ ਵਾਹਕ ਅਤੇ ਸਮਾਜ ਦੀ ਦਿਸ਼ਾ ਨਿਰਧਾਰਤ ਕਰਨ ਵਾਲੀ ਸ਼ਕਤੀ ਵਜੋਂ ਹਮੇਸ਼ਾ ਮਾਣ ਮਿਲਿਆ ਹੈ। ਰਾਣੀ ਲਕਸ਼ਮੀਬਾਈ ਦੀ ਬਹਾਦਰੀ, ਮਾਤਾ ਜੀਜਾਬਾਈ ਦੀ ਦੂਰਅੰਦੇਸ਼ੀ, ਸਾਵਿਤਰੀਬਾਈ ਫੂਲੇ ਦੇ ਸਮਾਜਿਕ ਸੁਧਾਰ ਅਤੇ ਆਧੁਨਿਕ ਭਾਰਤ ਵਿੱਚ ਕਲਪਨਾ ਚਾਵਲਾ ਦੀ ਪੁਲਾੜ ਯਾਤਰਾ ਵਰਗੀਆਂ ਉਦਾਹਰਣਾਂ ਗਵਾਹ ਹਨ, ਕਿ ਭਾਰਤੀ ਨਾਰੀ ਸਿਰਫ ਪ੍ਰੇਰਨਾ ਦਾ ਸਰੋਤ ਹੀ ਨਹੀਂ, ਸਗੋਂ ਪਰਿਵਰਤਨ ਦੀ ਮੋਹਰੀ ਵੀ ਰਹੀ ਹੈ।

ਭਾਰਤ ਦੇ ਸੰਵਿਧਾਨਕ ਇਤਿਹਾਸ ਵਿੱਚ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਦਾ ਪਾਸ ਹੋਣਾ ਮਹਿਜ਼ ਇੱਕ ਕਾਨੂੰਨੀ ਪ੍ਰਕਿਰਿਆ ਨਹੀਂ, ਸਗੋਂ ਇੱਕ ਨਵੇਂ ਯੁੱਗ ਦਾ ਆਗਾਜ਼ ਹੈ। ਮਹਿਲਾ ਰਾਖਵੇਂਕਰਨ ਬਿੱਲ ਦੀ ਯਾਤਰਾ ਲੱਗਭੱਗ ਸਤਾਈ ਸਾਲ ਪਹਿਲਾਂ 1996 ਵਿੱਚ ਸ਼ੁਰੂ ਹੋਈ ਸੀ। ਰਾਜਨੀਤਿਕ ਸਹਿਮਤੀ ਦੀ ਘਾਟ ਕਾਰਨ ਇਹ ਦਹਾਕਿਆਂ ਤੱਕ ਲਟਕਦਾ ਰਿਹਾ, ਪਰ ਸਾਲ 2023 ਵਿੱਚ ਨਵੇਂ ਸੰਸਦ ਭਵਨ ਦੇ ਪਹਿਲੇ ਵਿਸ਼ੇਸ਼ ਸੈਸ਼ਨ ਦੌਰਾਨ ਇਸ ਨੇ ਹਕੀਕਤ ਦਾ ਰੂਪ ਧਾਰਿਆ। ਇਹ ਕਾਨੂੰਨ ਦੇਸ਼ ਦੀ ਅੱਧੀ ਆਬਾਦੀ ਨੂੰ ਸੱਤਾ ਦੇ ਸਿਖਰਲੇ ਫੈਸਲਿਆਂ ਵਿੱਚ ਭਾਗੀਦਾਰ ਬਣਾਉਣ ਵਾਲਾ ਇੱਕ ਕ੍ਰਾਂਤੀਕਾਰੀ ਦਸਤਾਵੇਜ਼ ਹੈ। ਇਸ ਰਾਹੀਂ ਭਾਰਤ ਨੇ ਨਾ ਸਿਰਫ਼ ਮਹਿਲਾ ਸਸ਼ਕਤੀਕਰਨ ਨੂੰ ਸੰਵਿਧਾਨਕ ਮਾਨਤਾ ਦਿੱਤੀ ਹੈ, ਸਗੋਂ ਵਿਸ਼ਵ ਪੱਧਰ 'ਤੇ ਲਿੰਗ-ਸਮਾਨਤਾ ਪ੍ਰਤੀ ਆਪਣੀ ਦ੍ਰਿੜ੍ਹ ਵਚਨਬੱਧਤਾ ਦਾ ਲੋਹਾ ਵੀ ਮੰਨਵਾਇਆ ਹੈ।

ਇਸ ਇਤਿਹਾਸਕ ਅਧਿਨਿਯਮ ਤਹਿਤ ਸੰਵਿਧਾਨ ਵਿੱਚ ਵਿਸ਼ੇਸ਼ ਸੋਧ ਕਰਕੇ ਲੋਕ ਸਭਾ, ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਦਿੱਲੀ ਵਿਧਾਨ ਸਭਾ ਵਿੱਚ ਔਰਤਾਂ ਲਈ 33 ਪ੍ਰਤੀਸ਼ਤ (ਇੱਕ-ਤਿਹਾਈ) ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ। 131ਵੇਂ ਸੰਵਿਧਾਨਕ ਸੋਧ ਬਿੱਲ ਅਨੁਸਾਰ ਲੋਕ ਸਭਾ ਦੀਆਂ ਸੀਟਾਂ ਦੀ ਗਿਣਤੀ ਵਧਾ ਕੇ 850 ਕਰਨ ਦਾ ਪ੍ਰਸਤਾਵ ਹੈ, ਜਿਸ ਵਿੱਚੋਂ ਲੱਗਭੱਗ 273 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਪੰਜਾਬ ਵਿਧਾਨ ਸਭਾ ਦੀਆਂ ਸੀਟਾਂ ਵੀ 117 ਤੋਂ ਵੱਧ ਕੇ 140 ਅਤੇ ਲੋਕ ਸਭਾ ਸੀਟਾਂ 13 ਤੋਂ ਵੱਧ ਕੇ 18 ਹੋ ਜਾਣਗੀਆਂ। ਇਸ ਵਿਵਸਥਾ ਦੀ ਖ਼ਾਸੀਅਤ ਇਹ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਲਈ ਰਾਖਵੀਆਂ ਸੀਟਾਂ ਦੇ ਅੰਦਰ ਹੀ ਔਰਤਾਂ ਲਈ ਕੋਟਾ ਨਿਰਧਾਰਤ ਕੀਤਾ ਗਿਆ ਹੈ, ਤਾਂ ਜੋ ਸਮਾਜ ਦੇ ਹਰ ਵਰਗ ਦੀ ਔਰਤ ਨੂੰ ਬਰਾਬਰ ਹਿੱਸੇਦਾਰੀ ਮਿਲੇ। ਡੀਲਿਮੀਟੇਸ਼ਨ ਕਮਿਸ਼ਨ ਦੀ ਕਾਰਵਾਈ ਤੋਂ ਬਾਅਦ ਇਸ ਨੂੰ 2029 ਤੱਕ ਲਾਗੂ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਨਾਰੀ ਸ਼ਕਤੀ ਵੰਦਨ ਦੀ ਇਸ ਲਹਿਰ ਨੂੰ ਮਜ਼ਬੂਤੀ ਦੇਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੇ ਕਈ ਦੂਰਗਾਮੀ ਯੋਜਨਾਵਾਂ ਲਾਗੂ ਕੀਤੀਆਂ ਹਨ। 'ਸੁਕੰਨਿਆ ਸਮ੍ਰਿਧੀ ਯੋਜਨਾ' ਅਧੀਨ 4.6 ਕਰੋੜ ਤੋਂ ਵੱਧ ਖਾਤੇ ਖੋਲ੍ਹ ਕੇ ਧੀਆਂ ਦੇ ਭਵਿੱਖ ਨੂੰ ਆਰਥਿਕ ਸੁਰੱਖਿਆ ਦਿੱਤੀ ਗਈ ਹੈ। ਬਜਟ 2026-27 ਵਿੱਚ 'ਲੱਖਪਤੀ ਦੀਦੀ' ਯੋਜਨਾ ਰਾਹੀਂ 20 ਲੱਖ ਔਰਤਾਂ ਨੂੰ ਸਿਖਲਾਈ ਦਿੱਤੀ ਗਈ ਹੈ ਅਤੇ ਵਿਆਜ ਸਬਸਿਡੀ ਵਾਲੇ ਕਰਜ਼ੇ ਦੀ ਹੱਦ 1.5 ਲੱਖ ਰੁਪਏ ਤੱਕ ਵਧਾਈ ਗਈ ਹੈ। ਮੁੱਖ ਮੰਤਰੀ ਨਾਰੀ ਸ਼ਕਤੀ ਉੱਦਮ ਪ੍ਰੋਤਸਾਹਨ ਯੋਜਨਾ ਤਹਿਤ ਕਰਜ਼ੇ ਦੀ ਸੀਮਾ 1 ਕਰੋੜ ਰੁਪਏ ਤੱਕ ਕਰ ਦਿੱਤੀ ਗਈ ਹੈ। ਉੱਜਵਲਾ ਯੋਜਨਾ, ਸਵੱਛ ਭਾਰਤ ਮਿਸ਼ਨ ਅਤੇ ਜਲ ਜੀਵਨ ਮਿਸ਼ਨ ਨੇ ਔਰਤਾਂ ਦੇ ਜੀਵਨ ਵਿੱਚੋਂ ਧੂਏਂ, ਅਸੁਰੱਖਿਆ ਅਤੇ ਪਾਣੀ ਦੀ ਕਿੱਲਤ ਵਰਗੀਆਂ ਸਮੱਸਿਆਵਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਹੈ।

ਵਿਧਾਨਿਕ ਸੰਸਥਾਵਾਂ ਵਿੱਚ ਔਰਤਾਂ ਦੀ ਵਧਦੀ ਸ਼ਮੂਲੀਅਤ ਮਹਿਲਾ ਸੁਰੱਖਿਆ ਨਾਲ ਸਬੰਧਿਤ ਕਾਨੂੰਨਾਂ ਨੂੰ ਵਧੇਰੇ ਮਜ਼ਬੂਤ ਤੇ ਸੰਵੇਦਨਸ਼ੀਲ ਬਣਾਏਗੀ। ਜਦੋਂ ਔਰਤਾਂ ਖੁਦ ਕਾਨੂੰਨ ਨਿਰਮਾਤਾ ਬਣਨਗੀਆਂ, ਤਾਂ ਕੰਮਕਾਜੀ ਥਾਵਾਂ 'ਤੇ ਵਿਤਕਰੇ ਅਤੇ 'ਡਿਜੀਟਲ ਅਧਿਕਾਰਾਂ' ਵਰਗੇ ਆਧੁਨਿਕ ਮੁੱਦਿਆਂ 'ਤੇ ਆਵਾਜ਼ ਵਧੇਰੇ ਬੁਲੰਦ ਹੋਵੇਗੀ। ਇਹ ਬਦਲਾਅ ਸਮਾਜਿਕ ਢਾਂਚੇ ਵਿੱਚ ਇੱਕ ਅਜਿਹੀ ਚੇਤਨਾ ਪੈਦਾ ਕਰੇਗਾ, ਜਿੱਥੇ ਔਰਤਾਂ ਦੇ 'ਡਿਜੀਟਲ ਸਨਮਾਨ' ਅਤੇ ਨਿੱਜੀ ਸੁਰੱਖਿਆ ਨੂੰ ਮੁੱਢਲੀ ਤਰਜੀਹ ਮੰਨਿਆ ਜਾਵੇਗਾ। ਤਿੰਨ ਤਲਾਕ ਵਰਗੀਆਂ ਕੁਰੀਤੀਆਂ ਦਾ ਖ਼ਾਤਮਾ ਅਤੇ 'ਮਿਸ਼ਨ ਸ਼ਕਤੀ' ਵਰਗੀਆਂ ਪਹਿਲਕਦਮੀਆਂ ਪਹਿਲਾਂ ਹੀ ਔਰਤਾਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰ ਰਹੀਆਂ ਹਨ।

ਇਹ ਅਧਿਨਿਯਮ ਭਾਰਤੀ ਸਮਾਜ ਵਿੱਚ ਇੱਕ ਵਿਆਪਕ 'ਸੱਭਿਆਚਾਰਕ ਬਦਲਾਅ' ਲਿਆਉਣ ਦੀ ਸਮਰੱਥਾ ਰੱਖਦਾ ਹੈ। ਇਹ ਰਵਾਇਤੀ ਮਾਨਸਿਕਤਾ ਨੂੰ ਚੁਣੌਤੀ ਦੇਵੇਗਾ ਕਿ ਔਰਤਾਂ ਸਿਰਫ਼ ਘਰੇਲੂ ਜ਼ਿੰਮੇਵਾਰੀਆਂ ਲਈ ਹਨ। ਇਹ ਕਾਨੂੰਨ ਅਸਲ ਵਿੱਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਸੰਕਲਪ ਨੂੰ 'ਬੇਟੀ ਨੂੰ ਸੱਤਾ ਦਿਵਾਓ' ਤੱਕ ਲੈ ਕੇ ਜਾਣ ਵਾਲਾ ਹੈ। ਹਾਲਾਂਕਿ, ਸਭ ਤੋਂ ਵੱਡੀ ਚੁਣੌਤੀ ਇਹ ਯਕੀਨੀ ਬਣਾਉਣਾ ਹੈ ਕਿ ਚੁਣੀਆਂ ਗਈਆਂ ਮਹਿਲਾਵਾਂ ਸਿਰਫ਼ 'ਰਬੜ ਸਟੈਂਪ' ਨਾ ਬਣਨ, ਸਗੋਂ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਪੂਰੀ ਸੁਤੰਤਰਤਾ ਨਾਲ ਕਰਨ। ਇਸ ਲਈ ਰਾਜਨੀਤਿਕ ਸਿਖਲਾਈ ਦੇ ਨਾਲ-ਨਾਲ ਸਮਾਜਿਕ ਸੋਚ ਵਿੱਚ ਤਬਦੀਲੀ ਲਿਆਉਣੀ ਵੀ ਲਾਜ਼ਮੀ ਹੈ।

ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਵਾਲਾ ਇੱਕ ਇਤਿਹਾਸਕ ਮੀਲ ਪੱਥਰ ਹੈ। ਇਹ 'ਵਿਕਸਿਤ ਭਾਰਤ' ਦੇ ਮਹਾਨ ਸੰਕਲਪ ਨੂੰ ਸਾਕਾਰ ਕਰਨ ਵੱਲ ਵਧਾਇਆ ਗਿਆ, ਇੱਕ ਦ੍ਰਿੜ੍ਹ ਕਦਮ ਹੈ। ਇਹ ਕਾਨੂੰਨ ਦੇਸ਼ ਦੀਆਂ ਕਰੋੜਾਂ ਧੀਆਂ ਨੂੰ ਸਿਰਫ਼ ਵੋਟਰ ਨਹੀਂ, ਸਗੋਂ ਭਵਿੱਖ ਦੇ 'ਕਾਨੂੰਨ ਨਿਰਮਾਤਾ' ਵਜੋਂ ਦੇਖਣ ਦਾ ਹੌਸਲਾ ਦਿੰਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਇੱਕ ਅਜਿਹਾ ਰਾਜਨੀਤਿਕ ਸੱਭਿਆਚਾਰ ਸਿਰਜੇਗਾ, ਜਿੱਥੇ ਲਿੰਗ ਨਹੀਂ ਬਲਕਿ ਯੋਗਤਾ, ਸਮਰੱਥਾ ਅਤੇ ਸੰਵੇਦਨਾ ਹੀ ਸ਼ਾਸਨ ਦਾ ਅਧਾਰ ਹੋਣਗੇ। ਇਹ ਨਵੇਂ ਭਾਰਤ ਦਾ ਉਹ ਪ੍ਰਤੀਕ ਹੈ, ਜਿੱਥੇ ਮਹਿਲਾਵਾਂ ਦੀ ਅਗਵਾਈ ਰਾਸ਼ਟਰੀ ਵਿਕਾਸ ਦਾ ਮੁੱਖ ਧੁਰਾ ਹੋਵੇਗੀ।


ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220



ਗੱਲ ਤਾਂ ਪਰਦੇ ਦੀ ਹੀ ਹੈ!

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!



ਕਾਲ: 403 953 1000

E Mail: Contact@twcoverings.com

Web: www.twcoverings.com

Timelesswindowcoverings

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ


ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

TWC TIMELESS WINDOW COVERINGS

ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !


ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings